# ਜੈਮਲ ਸਿੰਘ ਉਰਫ਼ ਰੱਬ ਦਾ ਕੁੱਤਾ

(**ਮੋਹਨ ਰਾਕੇਸ਼** ਦੀ ਕਹਾਣੀ *ਪ੍ਰਮਾਤਮਾ ਦਾ ਕੁੱਤਾ* ਵੀ ਇਸ ਨਾਟਕ ਦਾ ਹਿੱਸਾ ਹੈ)

(ਇਹ ਨਾਟਕ ਜੈਮਲ ਸਿੰਘ ਦੀ ਸੱਚੀ ਦਾਸਤਾਨ ਹੈ। ਜੈਮਲ ਸਿਘ ਇਕ ਸ਼ਰਨਾਰਥੀ ਸੀ, ਜੋ ਦਿੱਲੀ ਦੇ ਬਾਹਰ ਕਿੰਗਜ਼ਵੇ ਕੈਂਪ ਵਿਚ ਪੁੱਜਣ ਵਾਲੇ ਪਹਿਲੇ ਸ਼ਰਨਾਰਥੀਆਂ ਵਿਚੋਂ ਇਕ ਸੀ। ਕਿੰਗਜ਼ਵੇ ਕੈਂਪ (ਹੁਣ ਸ੍ਰੀ ਗੁਰੂ ਤੇਗ ਬਹਾਦਰ ਨਗਰ) ਪੰਜਾਬ ਵੱਲੋਂ ਦਿੱਲੀ ਆਈਏ ਤਾਂ ਦਿੱਲੀ ਯੂਨੀਵਰਸਿਟੀ ਦੇ ਪੱਛਮ ਵੱਲ ਕਾਇਮ ਹੈ। ਇਥੇ ਫੌਜੀ ਬੈਰਕਾਂ ਸਨ, ਜਿਥੇ ਸ਼ਰਨਾਰਥੀਆਂ ਨੂੰ ਪਨਾਹ ਦਿੱਤੀ ਗਈ ਸੀ। ਇਹ ਨਾਟਕ ਉਸ ਕੈਂਪ ਦੀ ਵੀ ਕਹਾਣੀ ਹੈ। ਜੈਮਲ ਸਿੰਘ ਇਕ ਵਿਸ਼ੇਸ਼ ਵਿਅਕਤੀ ਸੀ। ਇਸ ਨਾਟਕ ਦਾ ਲੇਖਕ ਵੀ ਇਕ ਸਾਲ ਉਸ ਕੈਂਪ ਵਿਚ ਰਿਹਾ ਹੈ। ਜਦੋਂ ਪੰਜਾਬ ਦੇ ਵਿਦਿਆਰਥੀ, ਜੋ ਦਿੱਲੀ ਪਾਲੀਟੈਕਨਿਕ ਕਸ਼ਮੀਰੀ ??? ਵਿਚ ਪੰਜਾਬ ਯੂਨੀਵਰਸਿਟੀ ਵੱਲੋਂ ਐਸ.ਐਸ.ਪੀ. ਟੈਕਨੀਕਲ ਕਮੈਸਟਰੀ ਕਰ ਰਹੇ ਸਨ, ਉਹਨਾਂ ਦਾ ਹੋਸਟਲ ਉਥੇ ਇਕ ਬੈਰਿਕ ਵਿਚ ਬਣਾਇਆ ਗਿਆ ਸੀ। ਜੈਮਲ ਸਿੰਘ ਦੀ ਕਹਾਣੀ ਮੋਹਨ ਰਾਕੇਸ਼ ਨੇ ਆਪਣੀ ਪ੍ਰਸਿੱਧ ਕਹਾਣੀ ਪ੍ਰਮਾਤਮਾ ਦਾ ਕੁੱਤਾ ਵਿਚ ਬਿਆਨ ਕੀਤੀ ਹੈ। ਨਾਟਕ ਦਾ ਸਿਖਰ ਉਸ ਕਹਾਣੀ 'ਤੇ ਆਧਾਰਤ ਹੈ।)

ਪਾਤਰ : (ਜੈਮਲ ਸਿੰਘ, ਕ੍ਰਿਪਾਲ ਸਿੰਘ, ਰਾਮ ਚੰਦ, ਸਤੀਸ਼, ਲਾਲ ??? , ਪੱਤਰਕਾਰ, ਕਰਤਾਰ ਕੌਰ, ਰਾਣੋ, ਕ੍ਰਿਸ਼ਨ, ਦੋ ਕਲਰਕ, ਇਕ ਅਫਸਰ, ਇਕ ਚਪੜਾਸੀ।) ਕੁੱਲ 13 ਪਾਤਰ (11 ਮਰਦ, 2 ਔਰਤਾਂ) ਨਾਟਕ ਵਿਚ ਸੰਗੀਤ ਮੁਹੱਈਆ ਕੀਤਾ ਜਾਏਗਾ।

(ਨਾਟਕ ਸ਼ੁਰੂ ਹੋਣ 'ਤੇ ਇਕ ਸ਼ਰਨਾਰਥੀਆਂ ਦਾ ਕਾਫਲਾ ਸਟੇਜ 'ਤੇ ਆਉਂਦਾ ਹੈ। ਸਟੇਜ ਦੀ ਜੜਤ ਇਸ ਤਰ੍ਹਾਂ ਕਿ ਪਿਛੋਕੜ ਵਿਚ ਮਿਲਟਰੀ ਬੈਰਕਾਂ ਵਿਚ ਦਿਸ ਰਹੀਆਂ ਹਨ। (ਨੋਟ: ਇਹ ਇਕ ਪਰਦਾ ਲਾ ਕੇ ਵੀ ਦੱਸੀਆਂ ਜਾ ਸਕਦੀਆਂ ਹਨ।) ਖੱਬੇ ਪਾਸੇ ਇਕ ਦਫਤਰ ਦਾ ਕਮਰਾ ਹੈ, ਬਾਹਰ ਚਪੜਾਸੀ ਇਕ ਸਟੂਲ 'ਤੇ ਬੈਠਾ ਹੈ, ਅੰਮ੍ਰਿਤਾ ਪ੍ਰੀਤਮ ਦਾ ਗੀਤ ਅੱਜ ਆਖਾਂ ਵਾਰਿਸ਼ ਸ਼ਾਹ ਨੂੰ ਕਿਧਰੋਂ ਕਬਰਾਂ ਵਿਚੋਂ

ਬੋਲ ਹੌਲੀ ਹੌਲੀ ਵਜ ਰਿਹਾ ਹੈ। ਸਾਰੀ ਪੇਸ਼ਕਾਰੀ ਇਸ ਤਰ੍ਹਾਂ ਹੈ ਕਿ ਇਕ ਸੋਗ ਵਾਲਾ ਵਾਤਾਵਰਨ ਬਣ ਜਾਂਦਾ ਹੈ। ਸ਼ਰਨਾਰਥੀਆਂ ਦੇ ਤੁਰਨ ਦੀ ਚਾਲ ਥੱਕੇ ਟੁੱਟੇ ਲੋਕਾਂ ਵਾਲੀ ਹੈ। ਕਾਫ਼ਲਾ ਜਦੋਂ ਸਟੇਜ ਦੇ ਵਿਚਕਾਰ ਪੁੱਜਦਾ ਹੈ ਤਾਂ ਦਫਤਰ ਦੇ ਕਮਰੇ ਦੀ ਚਿੱਕ ਚੁਕ ਕੇ ਇਕ ਕਲਰਕ ਬਾਹਰ ਨਿਕਲਦਾ ਹੈ। ਚਪੜਾਸੀ ਵੀ ਖੜਾ ਹੈ।

ਕਲਰਕ : ਕੀ ਤੁਸੀਂ ਹੀ ਉਹ ਸ਼ਰਨਾਰਥੀ ਹੋ ਜੋ ਮਿਲਟਰੀ ਟਰੱਕ 'ਚ ਇਥੇ ਪਹੁੰਚੇ ਹੋ?

ਕ੍ਰਿਪਾਲ : ਹਾਂ ਅਸੀਂ ਹੀ ਉਹ ਬਦਨਸੀਬ ਹਾਂ, ਜੋ ਆਪਣੇ ਘਰਾਂ ਤੋਂ ਉੱਜੜ ਕੇ ਆਏ ਹਾਂ।

ਰਾਮ ਚੰਦ : ਸਾਨੂੰ ਹੀ ਟਰੱਕ ਵਿਚੋਂ ਉਤਾਰਿਆ ਗਿਆ ਅਤੇ ਦੱਸਿਆ ਗਿਆ ਕਿ ਅਸੀਂ ਇਥੇ ਤੁਹਾਡੇ ਦਫਤਰ ਅੱਗੇ ਬੈਠੀਏ।

ਜੈਮਲ ਸਿੰਘ : ਤੇ ਇਹ ਫਰਿਯਾਦ ਕਰੀਏ ਕਿ ਸਾਨੂੰ ਸਿਰ ਦੀ ਛੱਤ ਮੁਹੱਈਆ ਕਰਵਾਈ ਜਾਵੇ।

ਕ੍ਰਿਪਾਲ : ਕੀ ਇਹ ਸਿਰ ਦੀ ਛੱਤ ਮਿਲ ਜਾਏਗੀ।

ਰਾਮ ਚੰਦ : ਜਾਂ ਹੋਰ ਅੱਗੇ ਧੱਕਿਆ ਜਾਏਗਾ?

ਜੈਮਲ ਸਿੰਘ : ਨਹੀਂ, ਹੁਣ ਅਸੀਂ ਆਜ਼ਾਦ ਹਿੰਦੋਸਤਾਨ ਦੀ ਰਾਜਧਾਨੀ 'ਚ ਪੁੱਜ ਗਏ ਹਾਂ ਹੋਰ ਅੱਗੇ ਕਿਥੇ ਜਾ ਸਕਦੇ ਹਾਂ? ਲਾਲ ਕਿਲ੍ਹੇ ਤੋਂ ਆਵਾਜ਼ ਆ ਰਹੀ ਸੀ... 'ਹਮ ਨੇ ਬਣਾਨਾ ਹੈ ਏਕ ਨਿਆ ਭਾਰਤ, ਔਰ ਪੂਰੇ ਕਰਨੇ ਹੈਂ ਅਪਣੇ ਸਪਨੇ।

*(ਨਹਿਰੂ ਜੀ ਦੀ ਆਵਾਜ਼ ਮਾਈਕ 'ਤੇ ਆਉਂਦੀ ਹੈ।)*

ਕ੍ਰਿਪਾਲ : ਹਾਲੀ ਤਾਂ ਸਾਡਾ ਇਹੀ ਸੁਪਨਾ ਹੈ ਕਿ ਸਾਨੂੰ ਸਿਰ ਦੀ ਛੱਤ ਮਿਲੇ।

ਕਲਰਕ : ਮਿਲੇਗੀ ਜ਼ਰੂਰ ਮਿਲੇਗੀ, ਸਰਕਾਰ ਜਾਣਦੀ ਹੈ ਕਿ ਪੰਜਾਬ ਵਾਲਿਆਂ ਨੇ, ਬੰਗਾਲ ਵਾਲਿਆਂ ਨੇ ਇਸ ਆਜ਼ਾਦੀ ਦਾ ਵੱਡਾ ਮੁੱਲ ਤਾਰਿਆ ਹੈ।

ਜੈਮਲ ਸਿੰਘ : ਹਾਂ ਸ਼ਹੀਦੇ ਆਜ਼ਮ ਭਗਤ ਸਿੰਘ ਦੇ ਵਾਰਸਾਂ ਨੇ, ਨੇਤਾ ਜੀ ਸੁਭਾਸ਼ ਚੰਦਰ ਬੋਸ ਦੇ ਵਾਰਸਾਂ ਨੇ ਤਾਂ ਆਜ਼ਾਦੀ ਦਾ ਮੁੱਲ ਤਾਰ ਦਿੱਤਾ ਹੈ, ਹੁਣ ਵੇਖਣਾ ਏ ਆਜ਼ਾਦੀ ਉਹਨਾਂ ਨੂੰ ਕੀ ਤੁਹਫਾ ਦੇਂਦੀ ਏ?

ਕ੍ਰਿਪਾਲ : ਦੱਸੋ ਬਾਉ ਜੀ, ਕੀ ਅਸੀਂ ਹੁਣ ਇਥੇ ਹੀ ਰਹਿਣਾ ਏ?

ਰਾਮ ਚੰਦ : ਕੀ ਇਹ ਸਾਡਾ ਪੱਕਾ ਟਿਕਾਣਾ ਏ?

ਕਲਰਕ : ਹਾਂ ਸਰਕਾਰ ਨੇ ਪਾਕਿਸਤਾਨ ਤੋਂ ਉਜੜਕੇ ਆਏ ਸ਼ਰਨਾਰਥੀਆਂ ਲਈ ਅਤੇ ਪੈਮਾਨੇ 'ਤੇ ਇਕ ਪ੍ਰਾਜੈਕਟ ਬਣਾਇਆ ਹੈ।

ਸ਼ਰਨਾਰਥੀ : ਕੀ ਹੈ ਇਹ ਪ੍ਰਾਜੈਕਟ ?

ਕਲਰਕ : ਇਹ ਤੁਹਾਨੂੰ ਰਾਮ ਲਾਲ ਸਮਝਾਏਗਾ, ਇਹ ਵੀ ਪੰਜਾਬੀ ਹੈ ਅਤੇ ਪੰਜਾਬੀ ਜ਼ੁਬਾਨ ਦੀ ਪੂਰੀ ਮੁਹਾਰਤ ਰੱਖਦਾ ਏ।

ਕ੍ਰਿਪਾਲ : ਤੁਸੀਂ ਗੱਲ ਸਮਝਾ ਦੇਵੋ। ਜ਼ੁਬਾਨ ਭਾਵੇਂ ਕੋਈ ਹੋਵੇ ਕੀ ਫਰਕ ਪੈਂਦਾ ਏ ? (ਲੋਕਾਂ ਦੀ ਦੀ ਘੁਸਰ ਮੁਸਰ)

ਰਾਮ ਚੰਦ : ਦੋ ਮਹੀਨੇ ਇਕ ਥਾਂ ਤੋਂ ਦੂਜੀ ਥਾਂ ਧੱਕੇ ਖਾਂਦੇ ਹੋ ਗਏ ਹਨ। ਪਰ ਹੁਣ ਕੀ ਕਰਨਾ ਏ ?

ਜੈਮਲ ਸਿੰਘ : ਮਾਂ ਧਰਤੀ ਤੋਂ ਤਾਂ ਉੱਜੜਕੇ ਆ ਗਏ ਹਾਂ। ਮਾਂ ਬੋਲੀ ਤੋਂ ਦੂਰ ਹੋ ਜਾਵਾਂਗੇ ਤਾਂ ਕੋਈ ਫਰਕ ਨਹੀਂ ਪੈਣ ਲੱਗਾ। ਤੁਸੀਂ ਗੱਲ ਕਰੋ ਹਾਂ ਤੁਸੀਂ ਗੱਲ ਕਰੋ। (ਭੀੜ ਦੀ ਘੁਸਰ ਮੁਸਰ)

ਕਲਰਕ : ਸਬਰ ਕਰੋ-ਸਬਰ ਕਰੋ। (ਚਿਕ ਚੁੱਕ ਕੇ ਅੰਦਰ ਜਾਂਦਾ ਹੈ।)

ਚਪੜਾਸੀ : (ਖੰਘੂਰੇ ਮਾਰਕੇ) ਦੇਖੋ ਬਈ ਲੋਕੋ, ਇਹ ਗੱਲ ਸਾਫ ਹੈ ਕਿ ਜਿਹੜੇ ਲੋਕ ਪਾਕਿਸਤਾਨ ਤੋਂ ਉੱਜੜਕੇ ਆਏ ਹਨ, ਉਹ ਸਾਰੇ ਦੇ ਸਾਰੇ ਏਧਰਲੇ ਵਾਲੇ ਪੰਜਾਬ ਵਿਚ ਨਹੀਂ ਵਸਾਏ ਜਾ ਸਕਦੇ। ਇਹ ਖੁਸ਼ਕਿਸਮਤੀ ਹੈ ਕਿ ਦਿੱਲੀ ਦੂਰ ਨਹੀਂ ਸੀ। ਇਥੇ ਇਹ ਕਿੰਗਜ਼ਵੇ ਕੈਂਪ ਹੈ। ਦੂਜੀ ਵੱਡੀ ਜੰਗ ਵੇਲੇ ਇਹ ਫੌਜੀਆਂ ਲਈ ਬਣਾਇਆ ਗਿਆ ਸੀ। ਹੁਣ ਇਹ ਫੌਜੀਆਂ ਕੋਲੋਂ ਖਾਲੀ ਕਰਵਾ ਲਿਆ ਗਿਆ ਹੈ। ਇਹਨਾਂ ਬੈਰਕਾਂ ਵਿਚ ਇਕ ਨਗਰ ਦਾ ਨਗਰ ਵਸਾਇਆ ਜਾ ਸਕਦਾ ਹੈ। ਇਕ ਇਕ ਬੈਰਕ ਇਕ ਟੱਬਰ ਨੂੰ ਅਲਾਟ ਕਰ ਦਿੱਤੀ ਜਾਏਗੀ। ਪਾਣੀ ਦੀਆਂ ਸਹੂਲਤਾਂ ਸਾਂਝੀਆਂ ਹੋਣਗੀਆਂ। ਗੁਸਲਖਾਨੇ ਸਾਂਝੇ ਹੋਣਗੇ। ਪਾਖਾਨਾ ਘਰ ਸਾਂਝੇ ਹੋਣਗੇ। ਘਰਾਂ ਵਾਲੀਆਂ ਭਾਵੇਂ ਸਾਰੀਆਂ ਸਹੂਲਤਾਂ ਨਹੀਂ ਹੋਣਗੀਆਂ ਪਰ ਸਰਕਾਰ ਨੂੰ ਪਤਾ ਏ ਕਿ ਪੰਜਾਬੀ ਬੜੇ ਬਹਾਦੁਰ ਹੁੰਦੇ ਹਨ। ਉਹ ਹਰ ਮੁਸ਼ਕਿਲ ਬਰਦਾਸ਼ਤ ਕਰਨ ਦੇ ਯੋਗ ਹਨ।

ਜੈਮਲ ਸਿੰਘ : ਹਾਂ ਪੰਜਾਬੀ ਬੜੇ ਬਹਾਦੁਰ ਹੁੰਦੇ ਹਨ। ਉਹ ਹਰ ਮੁਸ਼ਕਿਲ ਬਰਦਾਸ਼ਤ ਕਰ ਸਕਦੇ ਹਨ। ਲੱਖਾਂ ਦੀ ਗਿਣਤੀ ਵਿਚ ਘਰੋਂ ਬੇਘਰ ਹੋ ਸਕਦੇ ਨੇ। ਮੁਟਿਆਰ ਦਾ ਉਧਾਲਿਆ ਜਾਣਾ ਬਰਦਾਸ਼ਤ ਕਰ ਸਕਦੇ ਨੇ- ਸਵਾਲ ਨਹੀਂ ਕਰਨਗੇ ਕਿ ਉਹਨਾਂ ਨਾਲ ਇਹ ਸਭ ਕੁਝ ਕਿਉਂ ਹੋਇਆ ? ਪੰਜਾਬੀ ਬੜੇ ਬਹਾਦਰ ਨੇ।

ਕ੍ਰਿਪਾਲ : ਸ੍ਰੀਮਾਨ ਜੀ, ਅਸੀਂ ਪਹਿਲੇ ਟਰੱਕ ਵਿਚ ਆ ਗਏ ਹਾਂ, ਬਾਕੀ ਸ਼ਰਨਾਰਥੀਆਂ ਦਾ ਕਾਫਲਾ ਆ ਰਿਹਾ ਏ, ਸਾਨੂੰ ਦਸੋ ਅਸੀਂ ਕਿਥੇ ਜਾਣਾ ਏ।

ਚਪੜਾਸੀ : ਹਾਲੀ ਇਕ ਵੱਡੀ ਬੈਰਕ ਵਿਚ ਤੁਸੀਂ ਇਕੱਠੇ ਹੋਵੋਗੇ, ਚਿੰਤਾ ਨਾ ਕਰੋ, ਗੁਰਦੁਆਰਾ ਸੀਸ ਗੰਜ ਵਾਲਿਆਂ ਨੇ ਤੁਹਾਡੇ ਲੰਗਰ ਪਾਣੀ ਦੀ ਸਾਰੀ ਜ਼ਿੰਮੇਵਾਰੀ ਆਪਣੇ ਹੱਥ ਲਈ ਹੈ। ਦਿੱਲੀ ਦੀਆਂ ਸੰਗਤਾਂ ਦੀ ਤੁਹਾਡੇ ਨਾਲ ਪੂਰੀ ਹਮਦਰਦੀ ਹੈ। ਹੁਣ ਮੇਰੇ ਨਾਲ ਚਲੋ।

*(ਉੱਠਦੇ ਹੋਏ।)*

ਰਾਮ ਚੰਦ : ਤੁਹਾਡਾ ਬਹੁਤ ਧੰਨਵਾਦ।

ਕ੍ਰਿਪਾਲ : ਸਾਡੀ ਬਹੁਤ ਸਾਰੀ ਚਿੰਤਾ ਮੁੱਕ ਗਈ।

ਜੈਮਲ ਸਿੰਘ : ਹਾਂ ਚਿੰਤਾ ਮੁੱਕ ਗਈ। ਦਿੱਲੀ ਜੇਕਰ ਹਾਕਮਾਂ ਦਾ ਸ਼ਹਿਰ ਏ ਤਾਂ ਗੁਰੂ ਤੇਗ ਬਹਾਦੁਰ ਦੀ ਸ਼ਹਾਦਤ ਦਾ ਵੀ ਸ਼ਹਿਰ ਹੈ। ਐਸੀ ਸ਼ਹਾਦਤ ਜਿਸਨੇ ਇਨਸਾਨੀ ਕਦਰਾਂ ਕੀਮਤਾਂ ਦਾ ਝੰਡਾ ਉੱਚਾ ਹੀ ਨਹੀਂ, ਸਗੋਂ ਬਹੁਤ ਉੱਚਾ ਕੀਤਾ। ਇਥੇ ਲੰਗਰ ਸਰਕਾਰ ਦਾ ਨਹੀਂ ਹੋਵੇਗਾ, ਸਗੋਂ ਲੋਕਾਂ ਦੇ ਪਿਆਰ ਦਾ ਹੋਵੇਗਾ। ਪੰਜਾਬੀ ਸਿਰਫ ਬਹਾਦੁਰ ਨਹੀਂ ਹੁੰਦੇ, ਉਹ ਮੁਸ਼ਕਿਲ ਵੇਲੇ ਇਕ ਦੂਜੇ ਦੀ ਮਦਦ ਕਰਨਾ ਵੀ ਜਾਣਦੇ ਹਨ। ਕੀ ਹੋਇਆ ਜੇ ਪਰਦੇ ਵਾਲੇ ਗੁਸਲਖਾਨੇ ਨਹੀਂ ਹੋਣਗੇ। ਮਰਦ ਖੁਲ੍ਹੇ ਆਮ ਨਹਾ ਸਕਨਗੇ, ਔਰਤਾਂ ਮੰਜਾ ਖੜ੍ਹਾ ਕਰਕੇ ਪਰਦਾ ਕਰ ਸਕਨਗੀਆਂ – ਐ ਮਾਲਕ, ਤੇਰਾ ਸੇਵਕ ਤੇਰਾ ਸ਼ੁਕਰ ਕਰਦਾ ਹੈ ਕਿ ਤੂੰ ਬੇਘਰਿਆਂ ਨੂੰ ਗੁਰੂ ਤੇਗ ਬਹਾਦੁਰ ਦੀ ਸ਼ਹਾਦਤ ਦੀ ਨਗਰੀ ਲੈ ਆਇਆ ਏ – ਜਿੰਨੇ ਮੌਤ ਵੇਲੇ ਵੀ ਕਿਹਾ ਸੀ

ਚਿੰਤਾ ਤਾਕੀ ਕੀਜੀਏ, ਜੋ ਅਨ ਹੋਣੀ ਹੋਇ
ਇਹ ਮਾਰਗ ਸੰਸਾਰ ਕੋ ਨਾਨਕ ਥਿਰੁ ਨਹੀਂ ਕੋਇ

*(ਹੌਲੇ ਹੌਲੇ ਫੇਡ ਆਊਟ ਹੁੰਦਾ ਹੈ।)*

## ਝਾਕੀ-2

(ਸੰਗੀਤ ਦੀ ਲੈਅ ਤੇਜ਼ ਹੈ – ਇਕ ਨਵੀਂ ਜੜਤ ਬਣਨੀ ਸ਼ੁਰੂ ਹੋ ਗਈ ਹੈ। ਦਫਤਰ ਵੱਡਾ ਬਣ ਗਿਆ ਹੈ। ਇਕ ਵਿਹੜੇ ਦੀ ਹੋਂਦ ਵੀ ਹੋ ਗਈ ਹੈ, ਲੋਕ ਕੰਮ ਲਗ ਗਏ ਹਨ। ਜੈਮਲ ਸਿੰਘ ਇਕ ਕੈਲੰਡਰ 'ਤੇ ਬਣੀਆਂ ਤਸਵੀਰਾਂ 'ਤੇ ਜੁੱਤੀਆਂ ਮਾਰ ਰਿਹਾ ਹੈ – ਇਕ ਪੱਤਰਕਾਰ ਕੋਲ ਆਉਂਦਾ ਹੈ। ਫੋਟੋ ਖਿੱਚਦਾ ਹੈ।)

ਪੱਤਰਕਾਰ : ਬਾਬਾ ਜੀ, ਮੈਨੂੰ ਹੋਰ ਤਾਂ ਸਾਰੀਆਂ ਗੱਲਾਂ ਸਮਝ ਲਗ ਗਈਆਂ ਨੇ ਪਰ ਤੁਸੀਂ ਨੇਮ ਨਾਲ ਇਹਨਾਂ ਲੀਡਰਾਂ ਦੀਆਂ ਤਸਵੀਰਾਂ 'ਤੇ

ਜੁੱਤੀਆਂ ਕਿਉਂ ਮਾਰਦੇ ਹੋ ?

ਜੈਮਲ ਸਿੰਘ : ਬਰਖੁਦਾਰ ਇਨ੍ਹਾਂ ਨੂੰ ਆਪਣਾ ਰੋਲ ਦੱਸਣ ਲਈ ਕਿ ਅਸੀਂ ਇਹਨਾਂ ਨੂੰ ਮੁਆਫ ਨਹੀਂ ਕੀਤਾ। ਇਹਨਾਂ ਨੇ ਜਦੋਂ ਧਰਤੀ ’ਤੇ ਲੀਕ ਪਾ ਕੇ ਇਕ ਮੁਲਕ ਦੇ ਦੋ ਮੁਲਕ ਬਣਾਏ ਸਨ ਤਾਂ ਕੀ ਇਹਨਾਂ ਨੂੰ ਨਹੀਂ ਸੀ ਪਤਾ ਕਿ 80 ਲੱਖ ਲੋਕ ਦੋਵਾਂ ਪਾਸਿਆਂ ਤੋਂ ਘਰੋਂ ਬੇਘਰ ਹੋ ਜਾਣਗੇ। 4 ਲੱਖ ਲੋਕਾਂ ਦੀਆਂ ਜਾਨਾਂ ਦੀ ਅਹੂਤੀ ਚੜ੍ਹ ਜਾਏਗੀ। ਇਹ ਰੋਟੀ, ਰੋਜ਼ੀ, ਕਪੜਾ, ਮਕਾਨ ਦੇਣਾ ਇਹਨਾਂ ਦੀ ਸ਼ਾਬਾਸ਼ ਕਹਾਂਗੇ। ਪਰ ਇਹ ਰੋਸ ਜਾਰੀ ਰਖਾਂਗੇ – ਹਾਂ ਇਹ ਰੋਸ ਜਾਰੀ ਰਖਾਂਗੇ। ਬਾਕੀ ਭਾਰਤ ਇਹਨਾਂ ਦੀ ਜੈ ਜੈ ਕਰ ਸਕਦਾ ਏ ਪਰ ਅਸੀਂ ਵੀ ਆਪਣਾ ਨਾਮ ਇਤਿਹਾਸ ਵਿਚ ਦਰਜ ਕਰਵਾ ਦੇਣਾ ਚਾਹੁੰਦੇ ਹਾਂ ਕਿ ਅਸੀਂ ਇਹਨਾਂ ਨੂੰ ਮੁਆਫ ਨਹੀਂ ਕੀਤਾ – ਬਾਕੀ ਬਰਖੁਰਦਾਰ ਮੈਨੂੰ ਬਾਬਾ ਜੀ ਨਾ ਕਿਹਾ ਕਰ, ਮੈਂ ਤੇ (ਹੱਥ ਉੱਚਾ ਕਰਕੇ) ਆਪਣੇ ਮਾਲਕ ਦਾ ਕੁੱਤਾ ਹਾਂ। ਜੈਮਲ ਸਿੰਘ ਉਰਫ ਰੱਬ ਦਾ ਕੁੱਤਾ। (ਕ੍ਰਿਸ਼ਨ ਚੰਦ ਤੇਜ਼ ਤੇਜ਼ ਤੁਰਦਾ ਲੰਘਦਾ ਹੈ।)

ਜੈਮਲ ਸਿੰਘ : ਕਿਉਂ ਕ੍ਰਿਸ਼ਨ ਚੰਦ ਬੜੀ ਕਹਾਲੀ ਵਿਚ ਤੁਰਿਆ ਜਾਂਦਾ ਏ ? ਇਹ ਦਸ ਬਈ ਕੰਮ ਮਿਲ ਗਿਆ ਏ ?

ਕ੍ਰਿਸ਼ਨ : ਹਾਂ ਬਾਬਾ ਜੀ, ਨਵੀਂ ਦਿੱਲੀ ਕਰਜ਼ਨ ਰੋਡ ’ਤੇ ਇਕ ਨਵੀਂ ਬਿਲਡਿੰਗ ਬਣਦੀ ਪਈ ਏ, ਇੱਟਾਂ ਢੋਣ ਦਾ ਕੰਮ ਮਿਲ ਗਿਆ ਏ – 4 ਮੀਲ ਦਾ ਪੈਂਡਾ ਏ, 9 ਨੰਬਰ ਦੀ ਬੱਸ ਜਾਂਦੀ ਏ, ਪਰ ਕਿਰਾਏ ਲਈ ਪੈਸੇ ਨਹੀਂ, ਪੈਦਲ ਹੀ ਜਾਵਾਂਗਾ।

ਜੈਮਲ ਸਿੰਘ : ਤੇਰੀ ਮਾਂ ਦਾ ਕੀ ਹਾਲ ਏ, ਠੀਕ ਹੈ ਨਾ ?

ਕ੍ਰਿਸ਼ਨ : ਠੀਕ ਏ, ਹੁਣ ਮਾਂ ਘਰ ਦੀ ਰੋਟੀ ਪਕਾਉਂਦੀ ਏ।

ਜੈਮਲ ਸਿੰਘ : ਕਿਉਂ ਲੰਗਰ ’ਚ ਨਹੀਂ ਖਾਂਦੇ ?

ਕ੍ਰਿਸ਼ਨ : ਨਹੀਂ ਬਾਬਾ ਜੀ, ਕੱਲ 100 ਸ਼ਰਨਾਰਥੀਆਂ ਦਾ ਹੋਰ ਕਾਫਲਾ ਆਇਆ ਏ, ਲੰਗਰ ਮਸਾਂ ਉਹਨਾਂ ਲਈ ਕਾਫੀ ਹੋਵੇਗਾ। ਕੁਝ ਵੀ ਹੋਵੇ ਬੰਦੇ ਨੂੰ ਆਪਣੇ ਪੈਰਾਂ ’ਤੇ ਖਲੋਣ ਜੋਗਾ ਹੋਣਾ ਚਾਹੀਦਾ ਹੈ। ਹਾਂ ਬਾਬਾ ਜੀ ਕੋਈ ਖ਼ਬਰ ਆਈ, ਪਰ ਅਲਾਟਮੈਂਟ ਵਾਲੇ ਕਾਗਜ਼ ਆਏ ਕਿ ਨਹੀਂ ?

ਜੈਮਲ ਸਿੰਘ : ਦਫਤਰੋਂ ਪਤਾ ਕਰਨਾ ਸੀ।

ਕ੍ਰਿਸ਼ਨ : ਉਹ ਕਿਥੋਂ ਪਕੜਾਈ ਦੇਂਦੇ ਨੇ, ਕਹਿੰਦੇ ਨੇ ਉਪਰ ਭੇਜੇ ਹੋਏ ਨੇ… ਅੱਛਾ ਚਲਦਾ ਹਾਂ ਸਤਿ ਸ੍ਰੀ ਅਕਾਲ… (ਜਾਂਦਾ ਹੈ)

ਜੈਮਲ ਸਿੰਘ : ਜੀਂਦਾ ਰਹਿ – ਬਰਖੁਦਾਰ, ਇਹ ਨੌਜਵਾਨ ਮੇਰੇ ਨਾਲ ਹੀ ਕੈਂਪ ਵਿਚ

ਆਇਆ ਸੀ, ਇਹਦਾ ਬਾਪ ਫਸਾਦਾਂ 'ਚ ਮਾਰਿਆ ਗਿਆ ਸੀ, ਮਾਂ ਪੁੱਤ ਸਭ ਕੁਝ ਲੁੱਟਾਕੇ ਇਥੇ ਪੁੱਜੇ ਸਨ। ਪਰ ਇਹਨਾਂ ਨੇ ਹਿੰਮਤ ਨਹੀਂ ਹਾਰੀ, ਹੁਣ ਇੱਟਾ ਢੋਣ ਵਾਲਾ ਮਜ਼ਦੂਰ ਏ ਕੱਲ ਇੱਟਾਂ ਲਗਾਉਣ ਵਾਲਾ ਮਿਸਤਰੀ ਬਣੇਗਾ, ਅਸੀਂ ਜਦੋਂ ਇਥੇ ਆਏ ਸਾਂ, ਵੀਹ ਘਰ ਸਨ, ਹੁਣ 500 ਘਰ ਨੇ ਇਹ ਕੈਂਪ ਸੀ, ਹੁਣ ਇਹ ਨਗਰ 'ਚ ਬਦਲ ਰਿਹਾ ਏ – ਲੋਕ ਪੁਰਾਣੇ ਜ਼ਖਮ ਭੁਲਦੇ ਵੀ ਨੇ ਤੇ ਯਾਦ ਵੀ ਰਖਦੇ ਨੇ।

*(ਰੌਲਾ ਜਿਹਾ ਪੈਂਦਾ ਏ ਜੈਮਲ ਸਿੰਘ ਅਤੇ ਰਾਮ ਚੰਦ ਝਗੜਦੇ ਆਉਂਦੇ ਹਨ।)*

ਕ੍ਰਿਪਾਲ : ਇਹ ਨਹੀਂ ਹੋ ਸਕਦਾ।

ਰਾਮਚੰਦ : ਭਲਾ ਕਿਉਂ ਨਹੀਂ ਹੋ ਸਕਦਾ ?

ਕ੍ਰਿਪਾਲ : ਇਹ ਬੈਰਕ ਗੁਰਦੁਆਰਾ ਏ।

ਰਾਮਚੰਦ : ਇਹ ਬੈਰਕ ਮੰਦਰ ਏ।

ਕ੍ਰਿਪਾਲ : ਉਥੇ ਗੁਰੂ ਗਰੰਥ ਸਾਹਿਬ ਦਾ ਪ੍ਰਕਾਸ਼ ਏ।

ਰਾਮਚੰਦ : ਉਥੇ ਸ੍ਰੀ ਰਾਮ ਚੰਦਰ ਜੀ ਦੀ ਮੂਰਤੀ ਏ।

ਕ੍ਰਿਪਾਲ : ਅਸੀਂ ਇਥੇ 130 ਘਰ ਹਾਂ।

ਰਾਮਚੰਦ : ਅਸੀਂ ਇਥੇ 370 ਘਰ ਹਾਂ।

ਕ੍ਰਿਪਾਲ : ਅਸੀਂ ਗੁਰਮਰਿਯਾਦਾ ਦੇ ਧਾਰਨੀ ਹਾਂ।

ਰਾਮਚੰਦ : ਅਸੀਂ ਵੀ ਪਰਸ਼ੋਤਮ ਮਰਿਯਾਦਾ ਦੇ ਧਾਰਨੀ ਹਾਂ।

ਕ੍ਰਿਪਾਲ : ਅਸੀਂ ਆਪਣੀ ਮਰਿਯਾਂਦਾ ਦੀ ਰਖਵਾਲੀ ਕਰਾਂਗੇ।

ਰਾਮਚੰਦ : ਸਾਨੂੰ ਆਪਣੀ ਮਰਿਯਾਦਾ ਦੀ ਰਖਵਾਲੀ ਦੀ ਜਾਚ ਏ।

ਕ੍ਰਿਪਾਲ : ਅਸੀਂ ਕੋਈ ਲੂਲੇ, ਲੰਗੜੇ ਨਹੀਂ, ਸਾਡੇ ਹੱਥ ਪੈਰ ਸਾਬਤ ਨੇ।

ਰਾਮਚੰਦ : ਹੱਥ ਪੈਰ ਸਾਡੇ ਵੀ ਟੁੱਟੇ ਹੋਏ ਨਹੀਂ।

ਕ੍ਰਿਪਾਲ : ਦੇਖ ਲਵਾਂਗੇ।

ਰਾਮਚੰਦ : ਅਸੀਂ ਵੀ ਦੇਖ ਲਵਾਂਗੇ।

ਜੈਮਲ : (ਉੱਚੀ ਆਵਾਜ਼ 'ਚ) ਓਏ ਚੁੱਪ ਕਰੋ (ਦੋਨੋਂ ਚੁੱਪ ਕਰਦੇ ਨੇ) ਕ੍ਰਿਪਾਲ ਸਿੰਘ, ਪਹਿਲਾਂ ਇਹ ਦੱਸ ਕਿ ਤੂੰ ਇਥੇ ਕਿਹੜੇ ਟਰੱਕ 'ਚ ਆਇਆ ਸੀ ?

ਕ੍ਰਿਪਾਲ : ਜਿਹੜੇ ਵਿਚ ਤੁਸੀਂ ਆਏ ਸਾਂ।

ਜੈਮਲ : ਰਾਮ ਚੰਦ, ਤੂੰ ਇਥੇ ਕਿਹੜੇ ਟਰੱਕ 'ਚ ਆਇਆ ਸੀ ?

ਰਾਮ ਚੰਦ : ਜਿਸ ਵਿਚ ਤੁਸੀਂ ਆਏ ਸੀ।

ਜੈਮਲ ਸਿੰਘ : ਕਿਥੋਂ ਆਏ ਸੀ ?

ਕ੍ਰਿਪਾਲ ਸਿੰਘ : ਪਾਕਿਸਤਾਨ ਤੋਂ ਆਏ ਸਾਂ।

ਜੈਮਲ : ਰਾਮਚੰਦ, ਤੂੰ ਵੀ ਦਸ ਕਿਥੋਂ ਆਏ ਸੀ ?

ਰਾਮ ਚੰਦ : ਪਾਕਿਸਤਾਨ ਤੋਂ ਆਏ ਸੀ।

ਜੈਮਲ ਸਿੰਘ : ਨਾਲ ਕੀ ਲੈ ਕੇ ਆਏ ਸੀ ?

ਕ੍ਰਿਪਾਲ ਸਿੰਘ : ਨਾਲ ਕੀ ਲਿਆਉਣਾ ਸੀ ?

ਰਾਮਚੰਦ : ਅਗਲੇ ਕੁਝ ਲਿਆਉਣ ਦੇਂਦੇ ਸੀ।

ਜੈਮਲ ਸਿੰਘ : ਨਾ ਤੂੰ ਕੁਝ ਲਿਆਇਆ ਸੀ, ਨਾ ਇਹ ਕੁਝ ਲਿਆਇਆ ਸੀ– ਵਾਰਿਸ ਸ਼ਾਹ ਦੇ ਬੋਲ ਬੋਲਦੇ ਆਏ ਸੀ।
ਚਾਰੇ ਕੰਨੀਆਂ, ਸਾਡੀਆਂ ਫੋਲ ਦੇਖੋ
ਨਾਲ ਤਾਂ ਅਸੀਂ ਕੁਝ ਵੀ ਨਹੀਂ ਲੈ ਚਲੇ।
ਖਾਲਮ ਖਾਲੀ ਆਏ ਸੀ– ਸ਼ੁਕਰ ਕਰੋ, ਸਿਰ 'ਤੇ ਛੱਤ ਮਿਲ ਗਈ– ਹੁਣ ਤੁਹਾਨੂੰ ਗੁਰਦੁਆਰੇ ਤੇ ਮੰਦਿਰ ਯਾਦ ਆ ਗਏ ਨੇ– ਮੂਰਖ ਕਿਸੇ ਥਾਂ ਦੇ–
ਹੋਰ ਤਾਂ ਕੁਝ ਨਹੀਂ ਲਿਆ ਸਕੇ–
ਪਰ ਮੰਦਰ ਗੁਰਦੁਆਰੇ ਜ਼ਰੂਰ ਸਿਰ 'ਤੇ ਚੁੱਕਕੇ ਲੈ ਆਏ ਹੋ– ਯਾਦ ਕਰੋ ਇਥੇ ਆ ਕੇ ਪਹਿਲੀ ਪੂਰਨਮਾਸ਼ੀ 'ਤੇ ਅਸੀਂ ਗੁਰੂ ਨਾਨਕ ਦੇਵ ਜੀ ਦਾ ਗੁਰਪੁਰਬ ਮਨਾਇਆ ਸੀ ਤੇ ਇਹ ਬੋਲ ਉੱਚੇ ਕੀਤੇ ਸਨ। ਸਤਿਗੁਰੂ ਨਾਨਕ ਪ੍ਰਗਟਿਆ, ਮਿਟੀ ਧੁੰਦ, ਜਗ ਚਾਨਣ ਹੋਇਆ। ਉਸ ਵੇਲੇ ਜੱਗ ਚਾਨਣ ਸੀ, ਸਾਨੂੰ ਧੁੰਦ ਮਿਟਦੀ ਦਿਸਦੀ ਸੀ, ਬੇਉਮੀਦ ਜ਼ਿੰਦਗੀ ਵਿਚ ਉਮੀਦ ਦਿਸਦੀ ਸੀ ਤੇ ਫੇਰ 15 ਦਿਨਾਂ ਬਾਅਦ ਮੱਸਿਆ ਦੀ ਕਾਲੀ ਰਾਤ ਸੀ, ਦੀਵਾਲੀ ਦੀ ਰਾਤ, ਸਾਡੀ ਜ਼ਿੰਦਗੀ ਵਿਚ ਭਾਂਵੇ ਹਨੇਰਾ ਹੀ ਹਨੇਰਾ ਸੀ ਪਰ ਅਸੀਂ ਸਾਰੀਆਂ ਬੈਠਕਾਂ ਵਿਚ ਮੋਮਬੱਤੀਆਂ ਬਾਲੀਆਂ ਸਨ। ਮੈਂ ਚਾਂਦਨੀ ਚੋਂਕ ਜਾ ਕੇ ਬਜ਼ਾਰੋਂ ਪਟਾਕੇ ਲਿਆਇਆ ਸੀ। ਬਾਲਾਂ ਨੇ ਪਟਾਕੇ ਚਲਾਏ ਸਨ। ਅਸੀਂ ਪੱਲ ਦੇ ਪੱਲ ਮੁਸਕਾਏ ਸਾਂ। ਪਰਸ਼ੋਤਮ ਰਾਮ ਚੰਦਰ 14 ਸਾਲ ਦੇ ਬਾਅਦ ਅਯੁੱਧਿਆ ਵਾਪਸ ਆਏ ਸੀ। ਅਯੁੱਧਿਆ ਵਾਸੀਆਂ ਨੂੰ ਉਮੀਦ ਦੀ ਇਕ ਕਿਰਨ ਦਿਸੀ ਸੀ। ਅਸੀਂ ਵੀ ਉਮੀਦ ਦੀ ਇਕ ਕਿਰਨ ਆਪਣੇ ਦਿਲਾਂ ਵਿਚ ਜਗਾਈ ਸੀ। ਆਜ਼ਾਦ ਭਾਰਤ ਵਿਚ ਆਪਣੀ ਥਾਂ ਬਣਾਉਣ ਲਈ।
–ਸੋ ਸੁਣ ਲਵੋ ਗੁਰਦੁਆਰਾ ਵੀ ਉਥੇ ਰਵੇਗਾ, ਤੇ ਮੰਦਿਰ ਵੀ ਉਥੇ ਰਵੇਗਾ ਤੇ ਸਾਹਮਣੇ ਖੁਲੀ ਥਾਂ ਬਾਲਾਂ ਦੇ ਖੇਡਣ ਦੀ ਥਾਂ ਵੀ ਉਥੇ ਰਵੇਗੀ।

ਕ੍ਰਿਪਾਲ : ਅਸੀਂ ਤਾਂ ਉਥੇ ਅਖੰਡ ਪਾਠ ਰੱਖਕੇ ਅਰਦਾਸ ਵੀ ਕਰ ਦਿੱਤੀ ਏ।

ਜੈਮਲ : ਉਹੀ ਪੁਰਾਣੇ ਰੱਫੜ। ਕਿਸੇ ਮਸੀਤ ਵਿਚ ਅਰਦਾਸ ਕਰਕੇ ਅਖੰਡ ਪਾਠ ਰੱਖ ਦੇਵੋ ਤਾਂ ਉਹ ਗੁਰਦੁਆਰਾ ਬਣ ਗਿਆ। ਗੁਰਦੁਆਰੇ ਵਿਚ ਨਮਾਜ਼ ਪੜ੍ਹੋ ਤਾਂ ਮਸੀਤ ਬਣ ਗਈ। ਕਿਸੇ ਧਰਮਸ਼ਾਲਾ ਮਜ਼ਾਰ ਟੱਲੀਆਂ ਖੜਕਾ ਦਿਓ ਮੰਦਰ ਬਣ ਗਿਆ। ਧਰਮਾਂ ਦੇ ਨਾਂ ’ਤੇ ਏਨੀ ਮਾਰ ਖਾ ਕੇ ਆਏ ਹੋ, ਪਰ ਜਨੂੰਨ ਨਹੀਂ ਸਿਰ ’ਚੋਂ ਕੱਢਿਆ– ਬਾਕੀ ਕ੍ਰਿਪਾਲ ਸਿੰਘ ਜਿਥੇ ਤੁਸੀਂ ਅਰਦਾਸ ਕੀਤੀ ਹੈ, ਉਥੇ ਜਾ ਕੇ ਮੈਂ ਇਕ ਹੋਰ ਅਰਦਾਸ ਕਰ ਦੇਂਦਾ ਹਾਂ।

ਕ੍ਰਿਪਾਲ : ਕੀ?

ਜੈਮਲ : (ਗਲੇ ਵਿਚ ਕਪੜਾ ਪਾਂਦਾ ਹੈ।) ਹੇ ਮੇਰੇ ਮਾਲਕ, ਮੈਂ ਜੈਮਲ ਸਿੰਘ ਤੇਰਾ ਕੁੱਤਾ, ਅਰਜ਼ ਕਰਦਾ ਹਾਂ। ਮੇਰੇ ਭਰਾਵਾਂ ਨੇ ਇਕ ਭੁੱਲ ਕੀਤੀ ਹੈ ਕਿ ਸਾਂਝੀ ਥਾਂ ਨੂੰ ਆਪਣਾ ਬਣਾਉਣ ਦੀ ਕੋਸ਼ਿਸ਼ ਕੀਤੀ ਹੈ। ਤੂੰ ਜੋ ਸਾਰੇ ਜੱਗ ਦਾ ਵਾਲੀ ਏਂ, ਤੇਰਾ ਵੱਖਰਾ ਸੰਕਲਪ ਬਣਾਕੇ ਤੈਨੂੰ ਬਾਕੀ ਖੱਲਕਤ ਤੋਂ ਵੱਖਰਾ ਕਰ ਦਿੱਤਾ, ਉਹਨਾਂ ਦੀ ਭੁੱਲ ਨੂੰ ਮੁਆਫ ਕਰੀਂ। ਉਹਨਾਂ ਨੂੰ ਸੁਮੱਤ ਬਖਸ਼ੀਂ ਕਿ ਉਹ ਸਾਂਝੀ ਥਾਂ ’ਤੇ ਆਪਣੇ ਆਪਣੇ ਅਕੀਦੇ ਅਨੁਸਾਰ ਤੇਰਾ ਨਾਂ ਲੈਂਦੇ ਰਹਿਣ।

*(ਦੋਨੋਂ ਹੈਰਾਨੀ ਨਾਲ ਦੇਖਦੇ ਹਨ।)*

ਨਾਨਕ ਨਾਮੁ ਚੜ੍ਹਦੀ ਕਲਾ।
ਤੇਰੇ ਭਾਣੇ ਸਰਬੱਤ ਦਾ ਭਲਾ।

*(ਦੋਨੋਂ ਦੇਖਦੇ ਹਨ ਤੇ ਹੌਲੇ ਹੌਲੇ ਫੇਡ ਆਊਟ ਹੁੰਦਾ ਹੈ।)*

## ਝਾਕੀ–3

(ਸੱਥ ਵਿਚ ਇਕੱਠੇ ਬੈਠੇ ਹਨ।)

1 : ਇਹ ਤਾਂ ਹੱਦ ਹੋ ਗਈ ਏ। ਨਵੇਂ ਤੋਂ ਨਵਾਂ ਕਲੇਮ ਦਾ ਫਾਰਮ ਭਰਵਾਉਂਦੇ ਨੇ, ਪਰ ਗੱਲ ਉਥੇ ਦੀ ਉਥੇ ਰਹਿੰਦੀ ਏ।

2 : ਹੁਣ ਤਾਂ ਸਾਰਾ ਦਫਤਰ ਹੀ ਕੈਂਪ ਵਿਚ ਆ ਗਿਆ ਏ। ਫੇਰ ਵੀ ਫੈਸਲਾ ਲੈਣ ਵਿਚ ਕੀ ਦਿੱਕਤ ਹੈ?

3 : ਦਿੱਕਤ ਇਹ ਏ ਕਿ ਉਹ ਸਾਡੇ ਦੁੱਖ ਨੂੰ ਦੁੱਖ ਸਮਝਦੇ ਨਹੀਂ। 6–6 ਮਹੀਨੇ ਕਾਗਜ਼ ਇਕ ਮੇਜ਼ ਤੋਂ ਦੂਸਰੀ ਮੇਜ਼ ਨਹੀਂ ਜਾਂਦਾ।

1 : ਬਾਬਾ ਜੈਮਲ ਸਿੰਘ ਜਿਹੜਾ ਸਵੇਰੇ ਲੀਡਰਾਂ ਦੀਆਂ ਤਸਵੀਰਾਂ ’ਤੇ ਜੁੱਤੀਆਂ ਮਾਰਦਾ ਹੈ, ਘੱਟੋ ਘੱਟ ਆਪਣਾ ਗੁੱਸਾ ’ਤੇ ਕੱਢ ਲੈਂਦਾ ਏ। ਅਸੀਂ ਤਾਂ ਸਿਰਫ ਬੁੜ ਬੁੜ ਹੀ ਕਰਦੇ ਹਾਂ।

2 : ਇਹ ਸਾਡੇ ਸਬਰ ਦਾ ਇਮਤਿਹਾਨ ਲੈਣਾ ਚਾਹੁੰਦੇ ਨੇ।

3 : ਖਾਲੀ ਹੱਥ ਆਏ ਸਾਂ, ਕਿਸੇ ਅੱਗੇ ਹੱਥ ਨਹੀਂ ਅੱਡਿਆ। ਆਪਣੇ ਪੈਰਾਂ 'ਤੇ ਖਲੋਣ ਦਾ ਯਤਨ ਕੀਤਾ।
ਯਤਨ ਕੀ ਕੀਤਾ, ਸਗੋਂ ਖਲੋਤੇ, ਪਰ ਇਹਦਾ ਇਹ ਮਤਲਬ ਨਹੀਂ ਕਿ ਸਾਨੂੰ ਸਾਡਾ ਹੱਕ ਨਾ ਮਿਲੇ।

1 : ਪੈਰਾਂ 'ਤੇ ਖਲੋਣ ਦੀ ਤੂੰ ਗੱਲ ਕੀਤੀ ਏ, ਦੇਸ਼ ਭਰ ਦੀਆਂ ਅਖ਼ਬਾਰਾਂ ਵਿਚ ਇਸਦਾ ਚਰਚਾ ਹੈ ਕਿ ਪੰਜਾਬੀਆਂ ਨੇ ਭੁੱਖਾ ਮਰਨਾ ਮਨਜ਼ੂਰ ਕੀਤਾ ਹੈ ਪਰ ਕਿਸੇ ਅੱਗੇ ਹੱਥ ਨਹੀਂ ਅੱਡੇ–

2 : ਹੱਥ 'ਤੇ ਨਹੀਂ ਅੱਡੇ ਪਰ ਹੁਣ ਹੱਥ ਵਿਖਾਉਣੇ ਜ਼ਰੂਰ ਪੈਣੇ ਨੇ। ਸਾਡਾ ਬਾਬਾ ਜੈਮਲ ਸਿੰਘ ਅੱਜ ਕੱਲ ਚੁੱਪ ਏ, ਮੰਨ ਹੀ ਮੰਨ ਵਿਚ ਕੁਝ ਕਰਨ ਲਈ ਸੋਚ ਰਿਹਾ ਏ।

3 : ਉਹਨੂੰ ਕੱਲ ਚਪੜਾਸੀ ਇਕ ਕਾਗਜ਼ ਫੜਾ ਗਿਆ ਹੈ– ਅਖੇ ਉਹਨੂੰ 100 ਮਰਲੇ ਜ਼ਮੀਨ ਗੁੜਗਾਂਓ ਦੇ ਕਿਸੇ ਪਿੰਡ 'ਚ ਅਲਾਟ ਹੋ ਗਈ। ਕਿਸੇ ਮੁਸਲਮਾਨ ਦੀ ਛੱਡੀ ਹੋਈ, ਜਿਹੜਾ ਹੁਣ ਪਾਕਿਸਤਾਨ ਚਲਿਆ ਗਿਆ ਏ– ਤੇ ਨਾਲ ਇਹ ਵੀ ਦੱਸ ਗਿਆ ਕਿ ਉਹ ਵਾਹੁਣ ਵਾਲੀ ਨਹੀਂ ਸਗੋਂ ਛੱਪੜ ਨੇ– ਬਰਸਾਤਾਂ ਵਿਚ ਉਥੇ ਪਾਣੀ ਚੜ੍ਹਿਆ ਰਹਿੰਦਾ ਏ, ਤੇ ਪਾਣੀ ਸੁੱਕਣ ਤੇ ਉਹਦੀਆਂ ਪੇਪੜੀਆਂ ਬਣ ਜਾਂਦੀਆਂ ਨੇ– ਬਾਬੇ ਨੇ ਉਹ ਕਾਗਜ਼ ਉਸ ਚਪੜਾਸੀ ਵੱਲ ਵਗਾਹ ਮਾਰਿਆ ਤੇ ਕਿਹਾ ਲੈਜਾ ਆਪਣੇ ਅਫਸਰ ਕੋਲ ਤੇ ਕਹਿ ਉਹਦੀ ਬੱਤੀ ਬਣਾ ਲਵੇ–

1 : ਫੇਰ?

2 : ਚਪੜਾਸੀ ਬੁੜ–ਬੁੜ ਕਰਦਾ ਚਲਾ ਗਿਆ।

3 : ਬੁੜ–ਬੁੜ ਕਰਦਾ ਕਿ ਧਮਕੀਆਂ ਦੇਂਦਾ? ਉਹ ਤਾਂ ਬੜਾ ਕੁੱਤਾ ਬੰਦਾ ਏ–

1 : ਅੱਗੋਂ ਬਾਬਾ ਕਿਹੜਾ ਘੱਟ ਏ– ਜੇ ਉਹ ਕੁੱਤਾ ਏ ਤਾਂ ਬਾਬਾ ਰੱਬ ਦਾ ਕੁੱਤਾ ਏ– ਫਰਕ ਇਹ ਵੇ ਕਿ ਉਹ ਅਫਸਰਾਂ ਅੱਗੇ ਪੂਛਲ ਹਿਲਾਉਣ ਵਾਲਾ ਕੁੱਤਾ ਏ– ਤੇ ਬਾਬਾ ਇਕ ਦਰਵੇਸ਼ ਕੁੱਤਾ ਏ।

*(ਰਾਣੋਂ ਆਉਂਦੀ ਹੈ– ਹੌਲੇ ਹੌਲੇ ਤਰਦੀ, ਆਸ–ਪਾਸ ਵੇਖਦੀ 1,2,3 ਉਹਦੇ ਵੱਲ ਵੇਖਦੇ ਹਨ– ਜੈਮਲ ਸਿੰਘ ਵੀ ਇਕ ਪਾਸੇ ਤੋਂ ਦਾਖਲ ਹੁੰਦਾ ਹੈ।*

1 : ਰਾਣੋ

2 : ਕੌਣ ਰਾਣੋ ?

1 : ਆਪਣੀ ਮਾਸੀ ਕਰਤਾਰ ਕੌਰ ਦੀ ਰਾਣੋ ਸਾਡੇ ਪਿੰਡ ਦੀ ਰਾਣੋ, ਮੁਸਲਮਾਨ ਗੁੰਡਿਆਂ ਨੇ ਉਧਾਲ ਲਈ ਸੀ। ਪੂਰੇ ਇਕ ਸਾਲ ਦੋ ਮਹੀਨੇ ਬਾਅਦ ਆਈ ਏ।

2 : ਤੂੰ ਇਹ ਨੂੰ ਜਾਣਦਾ ਏ ?

1 : ਜਾਣਦਾ ਕਿਉਂ ਨਹੀਂ ? ਇਹ ਆਪਣੇ ਸਤੀਸ਼ ਦੀ ਮੰਗੇਤਰ ਏ–

*(ਰਾਣੋ ਤੁਰਦੀ–ਤੁਰਦੀ ਕਰਤਾਰ ਕੌਰ ਕੋਲ ਪੁੱਜ ਜਾਂਦੀ ਹੈ। ਰੁੱਕਦੀ ਹੈ। ਕਰਤਾਰ ਕੌਰ ਪਛਾਣਦੀ ਹੈ। ਅੱਗੇ ਵੱਧਦੀ ਹੈ ਫੇਰ ਪਿੱਛੇ ਹੋ ਜਾਂਦੀ ਹੈ– ਰਾਣੋ ਡਿੱਗ ਪੈਂਦੀ ਹੈ– ਕਰਤਾਰ ਕੌਰ, ਰਾਣੋ ਇਕ ਦੂਜੇ ਵੱਲ ਵੇਖਦੀਆਂ ਹਨ। ਸੋਗ ਦਾ ਸੰਗੀਤ ਵੱਜਦਾ ਹੈ– ਉਹ ਇਕ ਦੂਜੇ ਵੱਲ ਵੇਖੀ ਜਾਂਦੀਆਂ ਹਨ।)*

ਜੈਮਲ ਸਿੰਘ : ਕਰਤਾਰ ਕੌਰੇ, ਤੇਰੀ ਧੀ ਆਈ ਏ।

ਕਰਤਾਰ ਕੌਰ : ਨਹੀਂ ਬਾਬਾ ਜੀ ਇਹ ਮੇਰੀ ਧੀ ਨਹੀਂ–
ਕੌਣ ਜਾਣੇ ਸਾਲ ਭਰ ਕਿੱਥੇ ਕਿੱਥੇ ਰਹੀ।

ਜੈਮਲ ਸਿੰਘ : ਇਹਦਾ ਤਾਂ ਕੋਈ ਕਸੂਰ ਨਹੀਂ ਸੀ।

ਕਰਤਾਰ ਕੌਰ : ਫੇਰ ਕਿਦਾ ਕਸੂਰ ਏ ?

ਜੈਮਲ ਸਿੰਘ : ਜਿਨ੍ਹਾਂ ਨੇ ਦੇਸ਼ ਦੀ ਵੰਡ ਕੀਤੀ– ਇਹਨੂੰ ਗਲੇ ਲਗਾ– ਇਹ ਸਾਡੀ ਧੀ ਏ, ਪਨਾਹਗੀਰਾਂ ਦੀ ਧੀ, ਸ਼ਰਨਾਰਥੀਆਂ ਦੀ ਧੀ, ਉੱਜੜੇ ਪੁੱਜੜੇ ਲੋਕਾਂ ਦੀ ਧੀ– ਕਰਤਾਰ ਕੌਰ ਜੇ ਜਰਵਾਣਿਆਂ ਦੀ ਆਪਣੀ ਬਰਾਦਰੀ ਹੁੰਦੀ ਏ ਤਾਂ ਉੱਜੜਿਆਂ ਪੁੱਜੜਿਆਂ ਦੀ ਵੀ ਆਪਣੀ ਬਰਾਦਰੀ ਹੁੰਦੀ ਏ–

*(ਉਹ ਗਲੇ ਮਿਲਦੀਆਂ ਹਨ– ਸੰਗੀਤ ਦਾ ਪੂਰਾ ਅਸਰ ਹੈ।)*

ਕਰਤਾਰ ਕੌਰ : ਬਾਬਾ ਜੀ, ਕੌਣ ਇਹਨੂੰ ਸਵੀਕਾਰ ਕਰੇਗਾ ?

ਜੈਮਲ ਸਿੰਘ : ਜਦੋਂ ਅਸੀਂ ਬਰਾਦਰੀ ਵਾਲਿਆਂ ਇਸਨੂੰ ਸਵੀਕਾਰ ਕਰ ਲਿਆ ਤਾਂ ਸਤੀਸ਼ ਇਹਦਾ ਮੰਗੇਤਰ ਇਹਨੂੰ ਸਵੀਕਾਰ ਕਰੇਗਾ... ਇਹ ਹਾਲੀ ਦੂਰ ਦੀ ਗੱਲ ਹੈ। ਤੂੰ ਇਹਦੇ ਰਿਸਦੇ ਜ਼ਖਮਾਂ 'ਤੇ ਮਰਹਮ ਲਗਾ– ਆਪਣੇ ਤੱਪਦੇ ਹਿਰਦੇ ਨੂੰ ਠੰਡ ਪਾ– ਤੁਹਾਨੂੰ ਦੋਵਾਂ ਨੂੰ ਇਕ ਦੂਜੇ ਦੀ ਲੋੜ ਏ।

*(ਹੌਲੇ ਹੌਲੇ ਫੇਡ ਆਊਟ।)*

## ਝਾਕੀ–4

ਦੀਨਾ ਨਾਥ : ਸਤੀਸ਼, ਮੈਂ ਤੈਨੂੰ ਇਥੇ ਬਾਹਰ ਲੈ ਕੇ ਆਇਆ ਹਾਂ ਤਾਂ ਜੋ ਤੇਰੇ ਨਾਲ ਸਾਫ–ਸਾਫ ਗੱਲ ਕਰ ਸਕਾਂ– ਜੋ ਤੂੰ ਕਹਿ ਰਿਹਾ ਏ, ਉਹ ਨਹੀਂ

ਹੋ ਸਕਦਾ।

ਸਤੀਸ਼ : ਕਿਉਂ ਨਹੀਂ ਹੋ ਸਕਦਾ ? ਰਾਣੋਂ ਦੀ ਮਾਂ ਨੂੰ ਮੈਂ ਹਮੇਸ਼ਾਂ ਮਾਸੀ ਕਰਕੇ ਜਾਣਿਆ ਏ, ਮੇਰੀ ਮਾਂ ਦੀ ਭੈਣਾਂ ਵਰਗੀ ਸਹੇਲੀ, ਦੋਨਾਂ ਭੈਣਾਂ ਨੇ ਨਿੱਕੇ ਹੁੰਦਿਆਂ ਤੋਂ ਸਾਡਾ ਸਾਥ ਜੋੜਿਆ ਸੀ।

ਦੀਨਾ ਨਾਥ : ਪਤਾ ਨਹੀਂ ਕਿਹੜੀਆਂ ਗੱਲਾਂ ਕਰਨਾ ਏ। ਰਾਣੋਂ ਹੁਣ ਪਹਿਲਾਂ ਵਾਲੀ ਰਾਣੋ ਨਹੀਂ ਰਹੀ। ਕਵਾਰੀ ਰਾਣੋਂ ਨਹੀਂ ਰਹੀ, ਸੱਚੀ ਸੁੱਚੀ ਰਾਣੋਂ ਨਹੀਂ ਰਹੀ।

ਸਤੀਸ਼ : ਪਰ ਉਹਦਾ ਦਿਲ ਸੱਚਾ ਸੁੱਚਾ ਏ - ਰਾਤ ਉਹਨੇ ਮੈਨੂੰ ਸਭ ਕੁਝ ਸਾਫ ਸਾਫ ਦੱਸ ਦਿੱਤਾ।

ਦੀਨਾ ਨਾਥ : ਕੀ ਸਾਫ ਸਾਫ ਦੱਸ ਦਿੱਤਾ, ਮੈਂ ਵੀ ਤਾਂ ਸੁਣਾਂ।

ਸਤੀਸ਼ : ਧਾੜਵੀ ਉਹਦੇ ਜਿਸਮ ਨਾਲ ਖੇਡਦੇ ਰਹੇ ਪਰ ਦਿਲੋਂ ਉਹ ਮੇਰੀ ਹੀ ਰਹੀ।

ਦੀਨਾ ਨਾਥ : ਕੁੜੀਆਂ ਦੀ ਸਾਰਿਆਂ ਨਾਲੋਂ ਵੱਡੀ ਦਾਤ ਉਨ੍ਹਾਂ ਨੂੰ ਕੰਵਾਰਾਪਨ ਹੁੰਦਾ ਹੈ- ਦਿਲਾਂ ਨੂੰ ਕੌਣ ਪੁੱਛਦਾ ਏ।

ਸਤੀਸ਼ : ਹੀਰ ਵੀ ਤਾਂ ਭਾਵੇਂ ਖੇੜਿਆਂ ਨਾਲ ਵਿਆਹੀ ਗਈ ਸੀ, ਪਰ ਦਿਲੋਂ ਤਾਂ ਰਾਂਝੇ ਦੀ ਰਹੀ ਸੀ ਨਾ, ਤੇ ਇਸੇ ਲਈ ਲੋਕ ਉਹਦੇ ਸੱਚੇ ਸੁੱਚੇ ਪਿਆਰ ਨੂੰ ਯਾਦ ਕਰਦੇ ਨੇ। ਉਹਦੇ ਕਿੱਸੇ ਗਾਉਂਦੇ ਰਹਿਣਗੇ।

ਦੀਨਾ ਨਾਥ : ਤੇ ਇਹ ਵੀ ਯਾਦ ਰੱਖਣਗੇ ਕਿ ਆਖਰ ਜ਼ਹਿਰ ਦਾ ਪਿਆਲਾ ਉਹਦੀ ਤਕਦੀਰ ਬਣਿਆ-ਮੈਂ ਰਾਣੋਂ ਦੀ ਮਾਂ ਨੂੰ ਸਾਫ ਸਾਫ ਕਹਿ ਦਿੱਤਾ ਏ ਕਿ ਰਾਣੋਂ ਅਤੇ ਤੇਰਾ ਸਾਥ ਨਹੀਂ ਜੁੜ ਸਕਦਾ।

ਜੈਮਲ ਸਿੰਘ : ਜੇ ਮੈਂ ਕਵਾਂ ਕਿ ਜੁੜ ਸਕਦਾ ਏ ਫੇਰ ? ਜੁੜ ਸਕਦਾ ਹੀ ਨਹੀਂ, ਸਗੋਂ ਇਹ ਜੁੜੇਗਾ ਅਤੇ ਸਾਡੇ ਸਾਰਿਆਂ ਦੀ ਅਸ਼ੀਰਵਾਦ ਨਾਲ ਜੁੜੇਗਾ- ਤਾਂ ਦੀਨਾ ਨਾਥ ਕਹਿੰਦੇ ਕਿ ਤੈਨੂੰ ਇਤਰਾਜ਼ ਨਹੀਂ ਹੋਵੇਗਾ- ਕੱਲ ਸ਼ਾਮ ਗੁਰਦੁਆਰਾ ਮੰਦਰ ਦੇ ਖੁੱਲ੍ਹੇ ਵਿਹੜੇ 'ਚ ਇਹ ਕਾਰਜ਼ ਹੋਵੇਗਾ- ਸਾਰਾ ਕੈਂਪ ਉੱਥੇ ਇਕੱਠਾ ਹੋਵੇਗਾ। ਉਥੇ ਹੀ ਸਤੀਸ਼ ਤੇ ਰਾਣੋਂ ਇਕ ਦੂਜੇ ਦੇ ਗੱਲ ਵਿਚ ਹਾਰ ਪਾਉਣਗੇ।

ਦੀਨਾ ਨਾਥ : ਇਹ ਤੁਸੀਂ ਕੀ ਕਹਿ ਰਹੇ ਹੋ ?

ਜੈਮਲ ਸਿੰਘ : ਸਿਰਫ ਕਹਿ ਨਹੀਂ ਰਿਹਾ, ਜੋ ਕਰਨਾ ਏ, ਉਹ ਦੱਸ ਰਿਹਾ ਹਾਂ- ਅਸ਼ੀਰਵਾਦ ਤੂੰ ਦੇਵੇਂਗਾ। ਸਾਰਾ ਕੈਂਪ ਬਰਾਤੀ ਹੋਵੇਗਾ ਮੁੰਡੇ ਵਾਲਿਆਂ ਵੱਲੋਂ- ਸਾਰਾ ਕੈਂਪ ਮੇਲੀ ਹੋਵੇਗਾ ਕੁੜੀ ਵਾਲਿਆਂ ਵੱਲੋਂ। ਸਾਂਝੀ ਥਾਂ 'ਤੇ ਇਹ ਸਭ ਕੁਝ ਹੋਵੇਗਾ। ਪਰ ਨਾ ਫੇਰੇ ਹੋਣਗੇ ਤਾਂ ਨਾ ਮੰਤਰ ਪੜ੍ਹੇ ਜਾਣਗੇ ਸਗੋਂ ਰਾਣੋਂ ਤੇ ਸਤੀਸ਼ ਇਕ ਦੂਜੇ ਦੇ ਗੱਲ

ਵਿਚ ਹਾਰ ਪਾਉਣਗੇ ਤੇ ਇਕ ਹੋ ਜਾਣਗੇ। ਜਿਸ ਕੋਲ ਜੋ ਵੀ ਸਰਦਾ ਹੋਏਗਾ ਉਨ੍ਹਾਂ ਨੂੰ ਤੋਹਫਾ ਦੇਵੇਗਾ- ਥਾਲੀ, ਗੜਵੀ, ਗਲਾਸ, ਦਰੀ, ਖੇਸ, ਚਾਦਰ, ਕੰਬਲ, ਪਨਾਹਗੀਰਾਂ ਦੀ ਬਰਾਦਰੀ, ਇਥ ਨਵੀਂ ਰੀਤ ਪਾਏਗੀ, ਮੈਂ ਜੋੜੇ ਲਈ ਆਪਣੇ ਮਾਲਕ ਕੋਲ ਲੰਮੀ, ਖੁਸ਼ੀ ਭਰੀ ਜ਼ਿੰਦਗੀ ਲਈ ਅਰਦਾਸ ਕਰਾਂਗਾ-ਮੇਰਾ ਰੱਬ ਆਪਣੇ ਕੁੱਤੇ ਦੀ ਅਰਦਾਸ ਜ਼ਰੂਰ ਕਬੂਲ ਕਰੇਗਾ।

*(ਇਕ ਮੁਦਰਾ ਵਿਚ ਫਰੀਜ਼ ਹੁੰਦਾ ਹੈ, ਦੀਨਾ ਨਾਥ ਵੀ ਉਸ ਮੁੱਦਰਾ 'ਚ ਆ ਕੇ ਖਲੋਂਦਾ ਹੈ। ਦੋਨੋਂ ਸਤੀਸ਼ ਨੂੰ ਅਸ਼ੀਰਵਾਦ ਦੇਂਦੇ ਹਨ।)*

ਨੋਟ : ਰਾਣੋਂ ਤੇ ਰਾਣੋਂ ਦੀ ਮਾਂ ਵੀ ਹੌਲੀ-ਹੌਲੀ ਚੱਲਦੀਆਂ ਆਉਂਦੀਆਂ ਨੇ, ਇਕ ਮੁਦਰਾ 'ਚ ਉਹ ਵੀ ਫਰੀਜ਼ ਹੁੰਦੀਆਂ ਨੇ, ਖੁਸ਼ੀ ਦਾ ਸੰਗੀਤ ਵੱਜਦਾ ਹੈ, ਤੇ ਫੇਡ ਆਊਟ ਹੁੰਦਾ ਹੈ।

## ਝਾਕੀ-5

(ਰੋਸ਼ਨੀ ਹੋਣ 'ਤੇ ਵੱਡੀ ਭੀੜ ਹੈ। ਕੈਂਪ ਦੇ ਸਾਰੇ ਪਾਤਰ ਉਥੇ ਮੌਜੂਦ ਹਨ। ਭੀੜ ਦੀਆਂ ਆਪਸ ਵਿਚ ਗੱਲਾਂ।)

ਕ੍ਰਿਪਾਲ : ਕਿਉਂ ਰਾਮ ਚੰਦ ਤੈਨੂੰ ਪਤਾ ਏ ਕਿ ਅੱਜ ਸਾਨੂੰ ਸਾਰਿਆਂ ਨੂੰ ਇਥੇ ਕਿਉਂ ਬੁਲਾਇਆ ਗਿਆ ਏ ?

ਰਾਮਚੰਦ : ਕਹਿੰਦੇ ਨੇ ਕਿਸੇ ਵੱਡੇ ਅਫਸਰ ਨੇ ਆਉਣਾ ਏ।

ਕ੍ਰਿਪਾਲ : ਹੁਣ ਇਹ ਦਫਤਰ ਭਾਵੇਂ ਫੈਲ ਗਿਆ ਏ- ਇਸ ਦਾ ਮੁੱਖੀਆ ਵੀ ਕਮਿਸ਼ਨਰ ਰੈਂਕ ਦਾ ਹੈ। ਅਮਲਾ ਫੈਲਾ ਵੀ ਬੜਾ ਏ, ਪਰ ਕੰਮ ਕੀੜੀ ਦੀ ਚਾਲੇ ਹੀ ਤੁਰਦਾ ਏ।

ਰਾਮਚੰਦ : ਲੀਡਰ ਭਾਵੇਂ ਰੋਜ਼ ਏਲਾਨ ਤੇ ਏਲਾਨ ਕਰਦੇ ਨੇ ਕਿ ਰੀਫੀਊਜੀਆਂ ਨੂੰ ਵਸਾਉਣ ਦੇ ਕੰਮ ਜੰਗੀ ਪੱਧਰ 'ਤੇ ਹੱਥ ਵਿਚ ਲਿਆ ਜਾਏਗਾ ਪਰ ਬਾਬੂ ਜੀ ਮਜਾਲ ਏ ਟੱਸ ਤੋਂ ਮੱਸ ਹੋਣ।

ਕ੍ਰਿਪਾਲ : ਦਫਤਰ ਸ਼ਾਹੀ ਨੌਕਰ ਸ਼ਾਹੀ, ਅਫਸਰ ਸ਼ਾਹੀ, ਬਾਬੂ ਸ਼ਾਹੀ, ਨਵੇਂ ਤੋਂ ਨਵੇਂ ਸ਼ਬਦ ਹੁਣ ਸੁਣਨ ਨੂੰ ਮਿਲਦੇ ਨੇ।

ਰਾਮਚੰਦ : ਅਸੀਂ ਜਿਹੜੇ ਆਪਣੇ ਭਰੇ ਭਰਾਏ ਘਰ ਛੱਡਕੇ ਆਏ ਹਾਂ, ਇਹਨਾਂ ਸ਼ਬਦਾਂ ਦੇ ਤੰਦੂਆਂ ਜਾਲ ਵਿਚ ਫਸਕੇ ਰਹਿ ਗਏ ਹਾਂ- ਦਫਤਰ ਸ਼ਾਹੀ- ਨੌਕਰ ਸ਼ਾਹੀ- ਅਫਸਰਸ਼ਾਹੀ- ਬਾਬੂ ਸ਼ਾਹੀ।

ਆਵਾਜ਼ : ਸਾਰੇ ਆਮ ਅਤੇ ਖਾਸ ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਅਲਾਟਮੈਂਟ ਦਾ ਨਵਾਂ ਫਾਰਮ ਨੰਬਰ 127 ਹੁਣ ਖਿੜਕੀ ਨੰਬਰ 6 ਤੋਂ ਮਿਲ

ਸਕੇਗਾ- ਜਿਨ੍ਹਾਂ ਨੇ ਪਹਿਲੇ ਅਰਜ਼ੀ ਦਿੱਤੀ ਹੈ ਉਹਨਾਂ ਲਈ ਵੀ ਨਵੇਂ ਫਾਰਮ ਵਿਚ ਪੁਛੀ ਗਈ ਜਾਣਕਾਰੀ ਜ਼ਰੂਰੀ ਏ।

1 : ਹਰ ਚੌਥੇ ਦਿਨ ਨਵਾਂ ਫਾਰਮ

2 : ਪਹਿਲੀ ਅਰਜ਼ੀ ਦਿੱਤੀ ਦੋ ਸਾਲ ਹੋ ਗਏ ਨੇ, ਕੰਮ ਤਾਂ ਕੋਈ ਹੁੰਦਾ ਨਹੀਂ।

*(ਇਕ ਅਫਸਰ ਆਉਂਦਾ ਹੈ- ਚਪੜਾਸੀ ਸਲਾਮ ਕਰਦਾ ਹੈ। ਚਿੱਕ ਚੁੱਕਦਾ ਹੈ- ਅਫਸਰ ਅੰਦਰ ਜਾਂਦਾ ਹੈ।)*

1 : ਵੱਡਾ ਅਫਸਰ ਆਇਆ ਹੈ- ਚਲਕੇ ਸ਼ਕਾਇਤ ਕਰਦੇ ਹਾਂ।

2 : ਉਥੋਂ ਤੱਕ ਪੁੱਜਣ ਕੌਣ ਦੇਵੇਗਾ ? ਦੇਖਦਾ ਨਹੀਂ ਬਘਿਆੜ ਪਹਿਰੇ 'ਤੇ ਬੈਠਾ ਏ-

*(ਜੈਮਲ ਸਿੰਘ ਆਉਂਦਾ ਹੈ।)*

1 : ਅੱਜ ਤਾਂ ਬਾਬਾ ਜੈਮਲ ਸਿੰਘ ਵੀ ਪੁੱਜ ਗਏ ਨੇ

2 : ਬੜੇ ਗੁੱਸੇ ਵਿਚ ਨੇ-

*(ਸਾਰੇ ਦੇਖ ਰਹੇ ਨੇ, ਜੈਮਲ ਸਿੰਘ ਆਕੜ ਵਾਲੀ ਚਾਲ ਚਲਦਾ ਆਉਂਦਾ ਹੈ। ਐਨ ਜਿਥੇ ਚਪੜਾਸੀ ਬੈਠਾ ਹੈ, ਉਥੇ ਪਰਨਾ ਵਿਛਾਂਦੇ ਹੋਏ।)*

ਜੈਮਲ ਸਿੰਘ : ਨਵਾਂ ਫਾਰਮ ਭਰੋ- ਦਸ ਸਾਲ ਤੋਂ ਫਾਰਮ ਹੀ ਭਰ ਰਹੇ ਹਾਂ। ਪੁਛੋ ਤਾਂ ਦੱਸਿਆ ਜਾਂਦਾ ਹੈ ਕਿ ਸਰਕਾਰ ਵਕਤ ਲੈ ਰਹੀ ਹੈ। ਹੋਰ ਦਸ ਸਾਲ 'ਚ ਸਰਕਾਰ ਫੈਸਲਾ ਕਰੇਗੀ ਕਿ ਅਰਜ਼ੀ ਮਨਜ਼ੂਰ ਹੋਣੀ ਚਾਹੀਦੀ ਹੈ ਕਿ ਨਹੀਂ ? ਕਮਬਖਤ ਉਪਰ ਯਮਰਾਜ ਵੀ ਸਾਡਾ ਵਕਤ ਗਿਣਤਾ ਪਿਆ ਏ। ਉਧਰ ਉਹਦਾ ਵਕਤ ਪੂਰਾ ਹੋਏਗਾ, ਇਧਰੋਂ ਤੁਹਾਡੇ ਵੱਲੋਂ ਪਤਾ ਆਏਗਾ ਅਰਜ਼ੀ ਮਨਜ਼ੂਰ ਹੋ ਗਈ ਏ- ਇਸ ਚਪੜਾਸੀ ਵੱਲ ਵੇਖੋ, ਘੂਰਦਾ ਇਸ ਤਰ੍ਹਾਂ ਪਿਆ ਏ, ਜਿਸ ਤਰ੍ਹਾਂ ਖਾ ਹੀ ਜਾਣਾ ਏ- ਦੋ ਸਾਲ ਹੋ ਗਏ ਨੇ ਅਰਜ਼ੀ ਦਿੱਤੀ- ਜ਼ਮੀਨ ਦੇ ਨਾਂ 'ਤੇ ਭੜਵਿਆ ਨੇ ਇਕ ਟੋਆ ਅਲਾਟ ਕਰ ਦਿੱਤਾ ਏ- ਭਲਾ ਉਹਨੂੰ ਕੀ ਕਰੇ ? ਦੋ ਸਾਲ ਤੋਂ ਦਿੱਤੀ ਹੋਈ ਅਰਜ਼ੀ ਇਹਨਾਂ ਦੋ ਕਮਰਿਆਂ ਨੂੰ ਪਾਰ ਨਹੀਂ ਕਰ ਸਕੀ- ਇਕ ਕਮਰੇ ਤੋਂ ਦੂਜੇ ਕਮਰੇ ਤੱਕ ਜਾਣ ਵਿਚ ਵਕਤ ਲੈ ਰਹੀ ਹੈ- ਹੂੰ ਮੈਂ ਵੀ ਹੁਣ ਆ ਗਿਆ ਹਾਂ, ਇਥੇ ਹੀ ਆਪਣਾ ਡੇਰਾ ਲਾ ਕੇ, ਲੈ ਲਵੋ ਜਿਨਾਂ ਵਕਤ ਲੈਣਾ ਏ- ਅਖੇ ਤੈਨੂੰ ਜ਼ਮੀਨ ਅਲਾਟ ਕੀਤੀ ਏ- ਸੋ ਮਰਲੇ ਦਾ ਟੋਆ- ਕੀ ਉਸ ਵਿਚ ਮੈਂ ਆਪਣੇ ਪਿਓ ਦਾਦੇ ਦੀਆਂ ਅਸਥੀਆਂ ਪਾਵਾਂਗਾ- ਅਰਜ਼ੀ ਦਿੱਤੀ ਸੀ, ਸੋ ਮਰਲੇ ਦੀ ਥਾਂ ਪੰਜਾਹ ਮਰਲੇ

ਦੇ ਦੇਵੋ, ਪਰ ਜ਼ਮੀਨ ਤਾਂ ਦੇਵੋ ਪਰ ਅਰਜ਼ੀ ਦੋ ਸਾਲ ਤੋਂ ਵਕਤ ਲੈ ਰਹੀ ਏ–

*(ਚਪੜਾਸੀ ਆਂਦਾ ਹੈ।)*

ਚਪੜਾਸੀ : ਬਾਬਾ ਇਥੋਂ ਉੱਠ

ਜੈਮਲ ਸਿੰਘ : ਮੈਂ ਬਾਬਾ ਨਹੀਂ, ਰੱਬ ਦਾ ਕੁੱਤਾ ਹਾਂ।

ਚਪੜਾਸੀ : ਜੋ ਵੀ ਹੈਂ, ਇਥੋਂ ਉੱਠ–

ਜੈਮਲ ਸਿੰਘ : ਨਹੀਂ ਉੱਠਾਂਗਾ– ਮੰਨਿਆ ਤੂੰ ਆਪਣੇ ਆਪ ਨੂੰ ਬਾਦਸ਼ਾਹ ਸਮਝਦਾ ਏਂ, ਪਰ ਮੈਂ ਵੀ ਇਕ ਬਾਦਸ਼ਾਹ ਹਾਂ। ਬੇਤਾਜ਼ ਬਾਦਸ਼ਾਹ– ਮੇਰੇ ਉੱਤੇ ਕਿਸੇ ਦਾ ਹੁਕਮ ਨਹੀਂ ਚਲਦਾ– ਕੁਝ ਸਮਝਿਆ ਚਪੜਾਸੀ ਬਾਦਸ਼ਾਹ... ..?

ਚਪੜਾਸੀ : ਹੁਣੇ ਤੈਨੂੰ ਪਤਾ ਚਲ ਜਾਏਗਾ ਕਿ ਤੇਰੇ 'ਤੇ ਕਿਸੇ ਦਾ ਹੁਕਮ ਚਲਦਾ ਏ ਕਿ ਨਹੀਂ ? ਹੁਣੇ ਤੈਨੂੰ ਪੁਲਿਸ ਦੇ ਹਵਾਲੇ ਕਰ ਦਿੱਤਾ ਤਾਂ ਤੇਰੀ ਸਾਰੀ ਬਾਦਸ਼ਾਹੀ ਨਿਕਲ ਜਾਏਗੀ।

ਜੈਮਲ ਸਿੰਘ : ਵਾਹ, ਤੇਰੀ ਪੁਲਿਸ ਮੇਰੀ ਬਾਦਸ਼ਾਹੀ ਕੱਢੇਗੀ ? ਫੇਰ ਬੁਲਾ ਪੁਲਿਸ ਨੂੰ... ਮੈਂ ਵੀ ਅੱਜ ਤਿਆਰ ਹੋ ਕੇ ਆਇਆ ਹਾਂ – ਤੇਰੀ ਪੁਲਿਸ ਦੇ ਸਾਹਮਣੇ ਇਹ ਤੇੜ ਦੀ ਚਾਦਰ ਖੋਲ੍ਹ ਕੇ ਨੰਗਾ ਹੋ ਜਾਵਾਂਗਾ– ਤੇ ਕਹਾਂਗਾ, ਲਓ ਕੱਢ ਲਓ ਬਾਦਸ਼ਾਹੀ, ਪੁਲਿਸ ਦੇ ਡਰਾਵੇ ਦੇਂਦਾ ਏ... ਸਾਲਾ ਕੁੱਤਾ।

ਚਪੜਾਸੀ : ਕੀ ਕਿਹਾ ? ਇਕ ਵਾਰੀ ਫੇਰ ਕਹਿ...

ਜੈਮਲ ਸਿੰਘ : ਸਾਲਾ ਕੁੱਤਾ, ਕੁੱਤਾ, ਕੁੱਤਾ...

*(ਰੌਲਾ ਪੈਂਦਾ ਹੈ, ਦਫਤਰ ਦੇ ਬਾਊ ਵਾਰੀ ਵਾਰੀ ਨਿਕਲਦੇ ਹਨ।)*

ਚਪੜਾਸੀ : (ਸੋਟੀ ਚੁੱਕ ਕੇ) ਤੈਨੂੰ ਹੁਣੇ ਦੱਸਦਾ ਹਾਂ ਕਿ ਕੌਣ ਕੁੱਤਾ ਏ) ਮਾਰਨ ਲਗਦਾ ਏ ਪਰ ਜੈਮਲ ਸਿੰਘ ਸੋਟੀ ਫੜ ਲੈਂਦਾ ਹੈ।)
ਕਮੀਨਾ ਆਦਮੀ, ਦਫਤਰ ਆ ਕੇ ਗਾਲ੍ਹਾਂ ਕੱਢਦਾ ਏ
ਮੈਂ ਹੁਣੇ ਤੈਨੂੰ ਦੱਸਦਾ ਹਾਂ, ਕੌਣ ਕੁੱਤਾ...

ਜੈਮਲ ਸਿੰਘ : ਤੂੰ ਕੀ ਦੱਸੇਂਗਾ, ਮੈਂ ਦੱਸਦਾ ਹਾਂ– ਤੂੰ ਕੁੱਤਾ ਇਥੇ ਹਰ ਇਕ ਕੁੱਤਾ... ਮੈਂ ਵੀ ਕੁੱਤਾ ਹਾਂ– ਫਰਕ ਸਿਰਫ ਏਨਾਂ ਕਿ ਤੁਸੀਂ ਸਰਕਾਰ ਦੇ ਕੁੱਤੇ ਹੋ ਤੇ ਮੈਂ ਰੱਬ ਦਾ ਕੁੱਤਾ– ਤੁਸੀਂ ਸਾਡੇ ਲੋਕਾਂ ਦਾ ਲਹੂ ਪੀਂਦੇ ਹੋ, ਹੱਡੀ ਚੂਸਦੇ ਹੋ– ਮੈਂ ਆਪਣੇ ਮਾਲਕ ਦੀ ਦਿੱਤੀ ਹੋਈ ਹਵਾ ਖਾ ਕੇ ਜੀਂਦਾ ਹਾਂ– ਉਹਦੇ ਘਰ ਦੀ ਰਖਵਾਲੀ ਕਰਦਾ ਹਾਂ– ਉਹਦਾ ਘਰ ਸੱਚ ਦਾ ਘਰ ਏ– ਤੁਸੀਂ ਪੂਛਲ ਹਿਲਾਉਣ ਵਾਲੇ ਕੁੱਤੇ ਸਰਕਾਰ ਦੇ ਘਰ ਦੀ ਰਖਵਾਲੀ ਕਰਦੇ ਹੋ ਜਿਹੜਾ ਪੂਰੇ ਅਰਥਾਂ ਵਿਚ ਹੁਣ

ਸੱਚ ਦਾ ਨਹੀਂ ਝੂਠ ਦਾ ਘਰ, ਭ੍ਰਿਸ਼ਟਾਚਾਰ ਦਾ ਘਰ ਬਣ ਗਿਆ ਹੈ– ਮੇਰਾ ਤੁਹਾਡੇ ਨਾਲ ਅਸਲ ਵੈਰ ਹੈ– ਕੁੱਤੇ ਦਾ ਕੁੱਤਾ ਵੈਰੀ ਹੁੰਦਾ ਏ... ਤੁਸੀਂ ਮੇਰੇ ਦੁਸ਼ਮਣ ਹੋ, ਮੈਂ ਤੁਹਾਡਾ ਦੁਸ਼ਮਣ ਹਾਂ, ਮੈਂ ਇਕੱਲਾ ਹਾਂ ਤੁਸੀਂ ਬਹੁਤ ਸਾਰੇ– ਸਾਨੂੰ ਇਥੋਂ ਧੱਕੇ ਮਾਰ ਮਾਰ ਕੇ ਕੱਢ ਦੇਵੋ, ਮੈਂ ਰੱਬ ਦਾ ਕੁੱਤਾ ਫਿਰ ਵੀ ਭੌਂਕਦਾ ਰਵਾਂਗਾ– ਤੁਸੀਂ ਮੇਰਾ ਭੌਂਕਣਾ ਬੰਦ ਨਹੀਂ ਕਰ ਸਕਦੇ– ਮੈਂ ਭੌਂਕ ਭੌਂਕ ਕੇ ਤੁਹਾਨੂੰ ਕੰਨੋ ਬੋਲਾ ਕਰ ਦੇਵਾਂਗਾ– ਤੁਸੀਂ ਸਰਕਾਰ ਦੇ ਪਾਲਤੂ ਕੁੱਤਿਓ, ਜੂਠੀਆਂ ਹੱਡੀਆਂ ਲਈ ਲੜ ਲੜ ਕੇ ਮਰਨ ਵਾਲਿਓ ਕੁੱਤਿਓ, ਪੂਛਲ ਹਿਲਾ ਹਿਲਾ ਕੇ ਜੀਣ ਵਾਲੇ ਕੁੱਤਿਓ, ਤੁਸੀਂ ਰੱਬ ਦੇ ਕੁੱਤੇ ਦਾ ਕੀ ਵਿਗਾੜ ਲਵੋਗੇ ?

*(ਬਾਊਆਂ ਵਿਚ ਦਹਿਸ਼ਤ ਪੈ ਜਾਂਦੀ ਹੈ।)*

ਇਕ ਬਾਊ : (ਅੱਗੇ ਹੱਥ ਜੋੜ ਕੇ) ਬਾਬਾ ਜੀ, ਬਸ ਕਰੋ, ਸਾਡੇ ਉੱਤੇ ਤਰਸ ਕਰੋ– ਕਿਰਪਾ ਕਰਕੇ ਆਪਣੀ ਸੰਤ ਬਾਣੀ ਬੰਦ ਕਰੋ– ਇਹ ਦਸੋ ਤੁਹਡਾ ਨਾਂ ਕੀ ਏ ? ਤੁਹਾਡਾ ਕੇਸ ਕੀ ਏ ?

ਜੈਮਲ ਸਿੰਘ : ਮੇਰਾ ਨਾਂ ਏ 1226/7, ਮੇਰੀ ਮਾਂ ਨੇ ਜੋ ਮੈਨੂੰ ਨਾਂ ਦਿੱਤਾ ਸੀ ਉਹ ਤੁਹਾਡੀਆਂ ਫਾਈਲਾਂ ਨੇ ਖਾ ਲਿਆ ਏ। ਹੁਣ ਮੈਂ 1226/7 ਹਾਂ। ਮੇਰਾ ਇਹ ਨਾਂ ਯਾਦ ਕਰ ਲਵੋ। ਆਪਣੀ ਡਾਇਰੀ ਵਿਚ ਲਿਖ ਲਵੋ ਰੱਬ ਦਾ ਕੁੱਤਾ 1226/7...

ਬਾਊ : ਬਾਬਾ ਜੀ, ਅੱਜ ਜਾਓ, ਕੱਲ ਜਾਂ ਪਰਸੋਂ ਆ ਜਾਣਾ। ਤੁਹਾਡੀ ਅਰਜ਼ੀ ਦੀ ਕਾਰਵਾਈ ਤਕਰੀਬਨ ਪੂਰੀ ਹੋ ਚੁੱਕੀ ਹੈ।

ਜੈਮਲ ਸਿੰਘ : ਤਕਰੀਬਨ ਤਕਰੀਬਨ ਪੂਰੀ ਹੋ ਚੁੱਕੀ ਹੈ– ਤੇ ਮੈਂ ਆਪ ਵੀ ਤਕਰੀਬਨ ਤਕਰੀਬਨ ਪੂਰਾ ਹੋ ਚੁੱਕਿਆ ਹਾਂ। ਹੁਣ ਵੇਖਣਾ ਏ ਕਿ ਪਹਿਲੇ ਕਾਰਵਾਈ ਪੂਰੀ ਹੁੰਦੀ ਏ ਕਿ ਮੈਂ ਪੂਰਾ ਹੁੰਦਾ ਹਾਂ। ਤੁਹਾਡਾ ਤਕਰੀਬਨ ਤਕਰੀਬਨ ਫਾਈਲਾਂ ਵਿਚ ਰਹੇਗਾ ਤੇ ਮੇਰਾ ਤਕਰੀਬਨ ਤਕਰੀਬਨ ਸੀਵਿਆਂ ਵਿਚ ਜਾ ਪੁੱਜੇਗਾ– ਮੈਂ ਬੈਠਾ ਹਾਂ, ਇਥੇ ਬੈਠਾ ਹਾਂ, ਇਥੇ ਹੀ ਬੈਠਾ ਰਵਾਂਗਾ। ਮੇਰਾ ਕੰਮ ਹੋਣਾ ਏ ਤਾਂ ਅੱਜ ਹੀ ਹੋਵੇਗਾ, ਹੁਣੇ ਹੋਵੇਗਾ।

*(ਇਕ ਦਮ ਚੁੱਪ। ਅਫ਼ਸਰ ਬਾਹਰ ਆਉਂਦਾ ਹੈ। ਸਾਰੇ ਉਸ ਵੱਲ ਵੇਖਦੇ ਹਨ।)*

ਅਫ਼ਸਰ : ਬਾਬਾ, ਕੀ ਗੱਲ ਏ, ਕੀ ਚਾਹੁੰਦਾ ਏਂ ਤੂੰ ?

ਜੈਮਲ ਸਿੰਘ : ਤੁਹਾਨੂੰ ਮਿਲਣਾ ਚਾਹੁੰਦਾ ਹਾਂ...ਸੌ ਮਰਲੇ ਦਾ ਇਕ ਟੋਆ ਮੇਰੇ ਨਾਂ ਅਲਾਟ ਹੋਇਆ ਏ...ਉਹ ਟੋਆ ਤੁਹਾਨੂੰ ਵਾਪਿਸ ਕਰਨਾ ਚਾਹੁੰਦਾ

ਹਾਂ ਤਾਂ ਜੋ ਸਰਕਾਰ ਉਸ ਵਿਚ ਇਕ ਤਲਾਅ ਬਣਾ ਦੇਵੇ...ਅਫ਼ਸਰ ਲੋਕ ਆਪਣੀਆਂ ਬੇਗਮਾਂ ਨਾਲ ਸ਼ਾਮ ਉਥੇ ਆ ਕੇ ਮੱਛੀਆਂ ਫੜਿਆ ਕਰਨ।

ਅਫ਼ਸਰ : ਕੀ ਬਕਵਾਸ ਕਰਨਾ ਏ...ਆਪਣਾ ਕੇਸ ਲੈ ਕੇ ਮੇਰੇ ਕੋਲ ਆ।

ਜੈਮਲ ਸਿੰਘ : ਜਨਾਬ, ਮੇਰਾ ਕੇਸ ਮੇਰੇ ਕੋਲ ਨਹੀਂ...ਸਰਕਾਰ ਦੇ ਕੋਲ ਏ...ਮੇਰੇ ਕੋਲ ਮੇਰਾ ਸਰੀਰ ਤੇ ਇਹ ਦੋ ਕੱਪੜੇ ਨੇ...ਚਾਰ ਦਿਨਾਂ ਬਾਅਦ ਇਹ ਵੀ ਨਹੀਂ ਰਹਿਣਗੇ, ਇਸ ਲਈ ਇਨ੍ਹਾਂ ਨੂੰ ਵੀ ਅੱਜ ਉਤਾਰ ਦੇਣ ਲੱਗਾ ਹਾਂ...ਇਸ ਦੇ ਬਾਅਦ ਬਾਕੀ ਸਿਰਫ਼ 1226/7 ਰਹਿ ਜਾਵੇਗਾ। 1226/7 ਨੂੰ ਮਾਰ ਮਾਰ ਕੇ ਉਪਰ ਵਾਲੇ ਕੋਲ ਭੇਜ ਦੇਣਾ, ਉਹੀ ਮੇਰਾ ਪਤਾ ਏ...ਮੈਂ ਉਸ ਦਾ ਕੁੱਤਾ ਹਾਂ।

ਅਫ਼ਸਰ : ਇਹ (ਉਸ ਵੱਲ ਵੇਖਦੇ ਹੋਏ) ਮੇਰੇ ਨਾਲ ਅੰਦਰ ਆ...(ਚਪੜਾਸੀ ਤੇ ਜੈਮਲ ਸਿੰਘ ਅੰਦਰ ਜਾਂਦੇ ਹਨ।)

ਨੋਟ : ਅਗਲਾ ਦ੍ਰਿਸ਼ ਹੁਣ ਕੋਰੀਓਗ੍ਰਾਫੀ ਦੀ ਸ਼ੈਲੀ ਵਿਚ ਇਕ ਨਾਚ ਨਾਟਕ ਹੈ। ਫਾਈਲਾਂ ਚੱਲ ਰਹੀਆਂ ਹਨ। ਇਕ ਮੇਜ਼ ਤੋਂ ਦੂਜੀ ਮੇਜ਼ ਤਕ ਤਿੰਨ ਮਿੰਟਾਂ ਦਾ ਪੂਰਾ ਦ੍ਰਿਸ਼ ਵਿਖਾਉਣਾ ਹੈ। ਉਧਰ ਕੋਰੀਓਗ੍ਰਾਫੀ ਦਾ ਸੰਗੀਤ ਬੰਦ ਹੁੰਦਾ ਹੈ, ਉਦੋਂ ਜੈਮਲ ਸਿੰਘ ਇਕ ਵੱਡਾ ਕਾਗ਼ਜ਼ ਲੈ ਕੇ ਬਾਹਰ ਆਉਂਦਾ ਹੈ...ਬਾਦਸ਼ਾਹਾਂ ਦੀ ਚਾਲ ਚੱਲਦਾ...ਭੀੜ ਇਕ ਕੰਪੋਜੀਸ਼ਨ ਵਿਚ ਖੜੀ ਹੈ...ਉਹ ਉਨ੍ਹਾਂ ਨੂੰ ਸੰਬੋਧਨ ਹੁੰਦਾ ਹੈ—

ਮੇਰੇ ਲੋਕੋ ਹੱਥ ਜੋੜੋਗੇ, ਸ਼ਰਮ ਕਰੋਗੇ ਤਾਂ ਸਾਲਾਂ–ਬੱਧੀ ਮੂੰਹ ਲਟਕਾਈ ਖੜੇ ਰਵੋਗੇ। ਅਰਜ਼ੀਆਂ ਟਾਈਪ ਕਰਵਾਓ, ਫਾਰਮ ਭਰੋ...ਸਰਕਾਰ ਵਕਤ ਲੈ ਰਹੀ ਹੈ...ਕੰਮ ਕਰਵਾਉਣਾ ਹੈ ਤਾਂ ਸ਼ਰਮ ਮਗਰੋਂ ਲਾਹੋ... ਕੱਪੜੇ ਲਾਹੋ, ਨੰਗੇ ਹੋਵੋ, ਬੇਹਯਾ ਬਣੋ, ਬੇਹਯਾਈ ਵਿਚ ਹਜ਼ਾਰ ਬਰਕਤ ਏ। (ਉੱਚਾ ਹੱਸਦੇ ਹੋਏ) ਬੇਹਯਾਈ ਬਰਕਤ ਏ...ਬੇਹਯਾਈ ਨਿਆਮਤ ਏ। 1226/7 ਹੁਣ ਜੈਮਲ ਸਿੰਘ ਹੈ, ਰੱਬ ਦਾ ਕੁੱਤਾ...ਮੇਰੇ ਲੋਕੋ ਭੌਂਕੋ...ਭੌਂਕੋ...ਭੌਂਕਣ ਵਿਚ ਹੀ ਨਿਜਾਤ ਹੈ...ਇਨ੍ਹਾਂ ਕੁੱਤਿਆਂ ਨੂੰ ਕੁੱਤੇ ਬਣ ਕੇ ਟੱਕਰੋ...ਭੌਂਕਣ ਵਿਚ ਹੀ ਨਿਜਾਤ ਹੈ।

*(ਇਕ ਮੁਦਰਾ ਵਿਚ ਸਾਰੀ ਭੀੜ ਮੂਕ ਹੁੰਦੀ ਹੈ ਤੇ ਨਾਟਕ ਸਮਾਪਤ ਹੁੰਦਾ ਹੈ।)*